ਮਾਸਕ ੴ ਪੱਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

APRIL 1990 ○ ਅਪ੍ਰੈਲ ੧੯੯੦

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥ ਬਧੋਹੁ ਪੁਰਖਿ ਬਿਧਾਤੈ ਤਾਂ ਤੂ ਸੋਹਿਆ ॥

ਵਸਦੀ ਸਘਨ ਅਪਾਰ ਅਨੂਪ ਰਾਮਦਾਸ ਪੁਰ ॥

ਹਰਿਹਾਂ ਨਾਨਕ ਕਸਮਲ ਜਾਹਿ ਨਾਇਐ ਰਾਮਦਾਸ ਸਰ ॥



ਵੈਸਾਖੀ ਕੀਰਤਨ ਸਮਾਗਮ ਸ੍ਰੀ ਅੰਮ੍ਰਿਤਸਰ ਵਿਖੇ

ਅਖੰਡ ਕੀਰਤਨੀ ਜਥਿਆਂ ਵਲੋਂ ੧੨ ਸ਼ਾਮ ਤੋਂ ੧੫ ਅਪ੍ਰੈਲ ਸਵੇਰ ਤਕ

www.AKJ.Org

# ਤਤਕਰਾ


| | | |
|---|---|---|
| ਅੰਮ੍ਰਿਤ ਨਾਮ ਨਿਧਾਨ ਦੀ ਅੰਮ੍ਰਿਤ-ਛੋਹ | ੩ | ਡਾਕਟਰ ਤਾਰਨ ਸਿੰਘ ਜੀ |
| ਅੰਮ੍ਰਿਤ ਦੀ ਮਹੱਤਤਾ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਕੇਸ ਪਹਿਲੀ ਪਾਤਸ਼ਾਹੀ ਤੋਂ ਹੀ | ੯ | " " " |
| ਅਣਖ, ਸੁਗੰਧੀ ਭਰਿਆ ਅੰਮ੍ਰਿਤ | ੧੦ | ਪ੍ਰਿੰਸੀਪਲ ਸਜਣ ਸਿੰਘ ਜੀ |
| ਪੰਜ ਪਿਆਰੇ | ੧੨ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ | ੧੫ | ਪ੍ਰੋਫੈਸਰ ਹਰਿਕ੍ਰਿਸ਼ਨ ਸਿੰਘ ਜੀ |
| ਅੰਮ੍ਰਿਤ-ਦਾਤਾ ਦਾ ਖਾਲਸੇ ਨੂੰ ਉਪਦੇਸ਼ | ੧੭ | ਭਾਈ ਨਰੈਣ ਸਿੰਘ ਜੀ ਐਮ. ਏ. |
| ਅੰਮ੍ਰਿਤ ਦਾ ਰਹੱਸ | ੧੯ | ਸ: ਨਰਿੰਦਰ ਸਿੰਘ ਜੀ ਸੋਚ |
| ਗੁਰ ਪੂਰੇ ਵਡੀ ਵਡਿਆਈ (ਕਵਿਤਾ) | ੨੧ | ਡਾਕਟਰ ਹਰਦਿਆਲ ਸਿੰਘ ਜੀ |
| ਕਲਗੀਧਰ ਜੀ ਦਾ ਨੀਲਾ ਘੋੜਾ ( ,, ) | ੨੨ | ਗਿਆਨੀ ਗੋਪਾਲ ਸਿੰਘ ਜੀ ਮਿਤਰ |
| ਦੋ ਕਵਿਤਾਵਾਂ—੧੬੯੯ ਦੀ ਵਿਸਾਖੀ ( ,, ) | ੨੩ | ਸ: ਅਤਰ ਸਿੰਘ ਜੀ ਨੀਰ |
| ਵੈਸਾਖੀ ੧੬੯੯ ਤੇ ਵੈਸਾਖੀ ੧੯੯੯ | ੨੪ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਗੁਰਸਿੱਖੀ ਬਾਰੀਕ ਹੈ (੨) | ੨੭ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੭) | ੨੯ | ਕੈਪਟਿਨ ਸਵਰਨ ਸਿੰਘ ਜੀ |
| ਸ੍ਰੀ ਹਰਿਮੰਦਰ ਯਾਤਰਾ | ੩੭ | ਪ੍ਰੋਫੈਸਰ ਪੂਰਨ ਸਿੰਘ ਜੀ |


| | | | |
|---|---|---|---|
| ਸ੍ਰੀ ਗੁਰੂ ਤੇਗ ਬਹਾਦਰ ਜੀ ਗੁਰਿਆਈ | ੭ ਅਪ੍ਰੈਲ | ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੋਤੀ ਜੋਤਿ | ੭ ਅਪ੍ਰੈਲ |
| ਸ੍ਰੀ ਗੁਰੂ ਤੇਗ ਬਹਾਦਰ ਜੀ ਅਵਤਾਰ | ੧੫ ਅਪ੍ਰੈਲ | ਸ੍ਰੀ ਗੁਰੂ ਅਰਜਨ ਦੇਵ ਜੀ ਅਵਤਾਰ | ੧੭ ਅਪ੍ਰੈਲ |
| ਸ੍ਰੀ ਗੁਰੂ ਅੰਗਦ ਦੇਵ ਜੀ ਅਵਤਾਰ | ੨੬ ਅਪ੍ਰੈਲ | ਵੈਸਾਖੀ (ਖਾਲਸਾ ਪ੍ਰਗਟਿਆ) | ੧੩ ਅਪ੍ਰੈਲ |

## ਆਪਣੇ ਨੇੜੇ 'ਸੂਰਾ' ਪੱਤਰ ਦੇ ਚੰਦੇ ਹੇਠ ਲਿਖੇ ਸੇਵਕਾਂ ਪਾਸ ਜਮ੍ਹਾ ਕਰਾਓ ਜੀ :

੧. ਹੁਸ਼ਿਆਰਪੁਰ—ਭਾਈ ਹਰਮਿੰਦਰ ਸਿੰਘ ਜੀ, ਭਾਈ ਸੋਭਾ ਸਿੰਘ ਹਰਮਿੰਦਰ ਸਿੰਘ, ਬੈਂਕ ਬਜ਼ਾਰ
੨. ਜਲੰਧਰ—ਸ: ਤ੍ਰਿਲੋਕ ਸਿੰਘ ਜੀ
੩. ਪਟਿਆਲਾ—ਪ੍ਰੋਫੈਸਰ ਗੁਰਮੁਖ ਸਿੰਘ ਜੀ, ੭੯-ਇੰਦਰਪੁਰੀ ਕਾਲੋਨੀ, ਸਰਹੰਦ ਰੋਡ
੪. ਲੁਧਿਆਣਾ—ਭਾਈ ਅਜੀਤ ਸਿੰਘ ਜੀ, ਵਿਯੋਗੀ ਨਿਕੇਤਨ, ਗਲੀ ਨੰ: ੭, ਫੀਲਡ ਗੰਜ
੫. ਜ਼ਿਲਾ ਸੰਗਰੂਰ—ਪਿੰਡ ਰੋਹੀੜਾ (ਕੁਪ) ਘਲੂਘਾਰਾ, ਭਾਈ ਦਰਸ਼ਨ ਸਿੰਘ ਜੀ ਦਰਸ
੬. ਚੰਡੀਗੜ੍ਹ ਤੇ ਮੋਹਾਲੀ—ਭਾਈ ਫੌਜਿੰਦਰ ਸਿੰਘ ਜੀ, ੫੫੨/੩-ਏ ਫ਼ੇਜ਼, ਐਸ. ਏ. ਐਸ. ਨਗਰ, ਮੋਹਾਲੀ
੭. ਦਿੱਲੀ—ਭਾਈ ਹਰਦਿਤ ਸਿੰਘ ਜੀ, ਏ-੩੫, ਫ਼ਤਹ ਨਗਰ
੮. ਕਾਨਪੁਰ—ਸ: ਹਰਚਰਨ ਸਿੰਘ ਜੀ ਟ੍ਰਾਂਸਪੋਰਟ, ੧੨੨/੧੭੫ ਸਰੋਜਨੀ ਨਗਰ
੯. ਫਰੀਦਾਬਾਦ (ਹਰਿਆਣਾ)—ਭਾਈ ਮੋਹਨ ਸਿੰਘ ਜੀ, ਕੋਠੀ ਨੰਬਰ ੧੧੨੯, ਸੈਕਟਰ ੧੫
੧੦. ਸਾਰੇ ਸਮਾਗਮਾਂ ਸਮੇਂ—ਭਾਈ ਬਲਵੰਤ ਸਿੰਘ ਜੀ ਖਾਲਸਾ, ਗਲੀ ਨੰ: ੨, ਕਾਂਸ਼ੀ ਨਗਰੀ, ਫ਼ੀਰੋਜ਼ਪੁਰ ਸ਼ਹਿਰ

**ਸ੍ਰੀ ਜਪੁ ਜੀ ਪ੍ਰੀਖਿਆ** ਸ. ਸ. ਸ. ਸ. ਸਕੂਲ ਅੰਮ੍ਰਿਤਸਰ, ਚੰਡੀਗੜ੍ਹ, ਫਰੀਦਾਬਾਦ ਸੈਂਟਰਾਂ ਵਿਚ ੬-੫-੯੦ ਨੂੰ ਸਵੇਰੇ ੮ ਤੋਂ ੧੧ ਵਜੇ ਤਕ ਹੋਵੇਗੀ। ਰੋਲ ਨੰਬਰ ਭੇਜਣ ਲਈ ਇੰਟਰਨੈਸ਼ਨਲ ਗੁਰਬਾਣੀ ਥਰੈਮੀ ਟ੍ਰਸਟ ੨੦-ਡਾਕਟਰਜ਼ ਐਵਿਨਿਊ, ਮਜੀਠਾ ਰੋਡ, ਅੰਮ੍ਰਿਤਸਰ ਨੂੰ ਲਿਖੋ।

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ; ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ ਤੋਂ ੨-੪-੯੦ ਨੂੰ ਪ੍ਰਕਾਸ਼ਤ ਕੀਤਾ।

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਕ ਸ੍ਰੀ ਅੰਮ੍ਰਿਤਸਰ ਪੱਤਰ


ਸਾਲਾਨਾ ਚੰਦਾ

| | |
|---|---|
| ਦੇਸ | ੨੦-੦੦ |
| ਇਕ ਪਰਚਾ | ੨-੦੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-00 |
| Air Mail | 100-00 |

ਅਮਾਨਤੀ
ਲਾਈਫ ਮੈਂਬਰ

| | |
|---|---|
| ਦੇਸ | ੨੦੦-੦੦ |

ਪਰਦੇਸ(ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |


## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ


ਜਿਲਦ ੨੪ ਅਪ੍ਰੈਲ ੧੯੯੦ ਅੰਕ ੪


## ਅੰਮ੍ਰਿਤ ਨਾਮ ਨਿਧਾਨ ਦੀ ਅੰਮ੍ਰਿਤ-ਛੋਹ

'ਸਿਮਰਨ' ਅੰਮ੍ਰਿਤ ਹੈ। 'ਅੰਮ੍ਰਿਤ' ਨਾਮ ਨਿਧਾਨ ਹੈ। ਪਰ ਅੰਮ੍ਰਿਤ-ਜੀਵਨ ਬਤੀਤ ਕਰਨ ਲਈ ਪਹਿਲਾਂ 'ਅੰਮ੍ਰਿਤ-ਛੋਹ' ਦੀ ਲੋੜ ਹੈ। ਇਹ ਅੰਮ੍ਰਿਤ-ਛੋਹ ਹੀ ੧੬੯੯ ਈ: ਵਿਚ ਕਲਗੀਆਂ ਵਾਲੇ ਪਾਤਸ਼ਾਹ ਨੇ ਭਾਰਤੀਆਂ ਨੰ ਲਾਈ ਸੀ। ਇਸ ਛੋਹ ਨੂੰ ਫਿਰ ਆਪ ਨੇ ਸਦਾ ਲਈ 'ਪੰਜ ਪਿਆਰਿਆਂ' ਵਿਚ ਸਥਿਰ ਕਰ ਦਿਤਾ। ਹੁਣ ਉਹ ਛੋਹ 'ਪੰਜ ਪਿਆਰਿਆਂ' ਰਾਹੀਂ ਹੀ ਸਿਖ ਨੂੰ ਪ੍ਰਾਪਤ ਹੁੰਦੀ ਹੈ ਅਤੇ ਉਸ ਨੂੰ ਖ਼ਾਲਸਾ ਬਣਾ ਦਿੰਦੀ ਹੈ।

'ਪੰਜ ਪਿਆਰੇ' ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਗੁਰੂ ਦਾ ਸਰੂਪ ਹਨ। ਉਹ ਹੀ ਅੰਮ੍ਰਿਤ ਤਿਆਰ ਕਰਨ ਦੀ ਜਾਚ ਸਿਖਾਂਦੇ ਹਨ, ਜੋ ਖ਼ਾਲਸੇ ਨੇ ਰੋਜ਼ ਤਿਆਰ ਕਰਨਾ ਹੁੰਦਾ ਹੈ। ਉਸ ਛੋਹ ਬਿਨਾਂ ਕੋਈ ਜੀਵ 'ਖਾਲਸਾ' ਪਦ ਨੂੰ ਪ੍ਰਾਪਤ ਨਹੀਂ ਹੁੰਦਾ। 'ਖ਼ਾਲਸੇ' ਤੋਂ ਭਾਵ ਹੈ ਖ਼ਾਸ ਵਾਹਿਗੁਰੂ ਜੀ ਦਾ। ਵਾਹਿਗੁਰੂ ਜੀ ਦਾ ਹੋ ਕੇ ਸ੍ਰੀ ਕਲਗੀਧਰ ਜੀ ਦਾ ਸਾਜਿਆ ਅੰਮ੍ਰਿਤਧਾਰੀ ਖ਼ਾਲਸਾ, ਵਾਹਿਗੁਰੂ ਜੀ ਕੀ ਫ਼ਤਹ ਦਾ ਵਾਰਸ ਬਣ ਸਕਦਾ ਹੈ।

[ਡਾ: ਤਾਰਨ ਸਿੰਘ ਲਿਖਤ "ਸਿਖ, ਸਿਖੀ ਅਤੇ ਸਿਧਾਂਤ" ਵਿਚੋਂ




www.AKJ.Org

# ਅੰਮ੍ਰਿਤ ਦੀ ਮਹੱਤਤਾ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅੰਮ੍ਰਿਤ ਦੀ ਮਹੱਤਤਾ ਮਹਾਨਤਾ ਅਜਿਹੀ ਪਾਕ ਪਵਿੱਤਰ ਅਤੇ ਪਾਰਸ ਰਸਾਇਣੀ ਕਲਾ ਵਾਲੀ ਹੈ ਕਿ ਅੰਮ੍ਰਿਤ ਛਕਣ ਸਾਰ ਹੀ ਜਨਮ-ਜਨਮਾਂਤ੍ਰੀ ਕਮਾਤੇ ਪਾਪ ਇਕ-ਦਮ ਸਾਰੇ ਦਘਧ ਹੋ ਜਾਂਦੇ ਹਨ ਅਤੇ ਸਚਮੁਚ ਹੀ ਅੰਮ੍ਰਿਤ ਛਕਣ-ਹਾਰੇ ਸਿਖ ਦਾ ਨਵਾਂ ਜਨਮ ਹੋ ਜਾਂਦਾ ਹੈ। "ਸਤਿਗੁਰ ਕੈ ਜਨਮੈ ਗਵਨੁ ਮਿਟਾਇਆ"* ਵਾਲਾ ਜਨਮ ਹੋ ਜਾਂਦਾ ਹੈ। ਪਿਛਲੇ ਅਵਗੁਣ ਅਵੱਗਿਆ ਕਰਮ ਉਸ ਦੇ ਸਗਲੇ ਬਖਸ਼ ਲਏ ਜਾਂਦੇ ਹਨ ਅਤੇ ਅਗੇ ਨੂੰ ਇਹ ਸੁਮਾਰਗੀ, ਸੁਭ ਮਾਰਗੀ, ਸਰੇਸ਼ਟ ਕਰਮਚਾਰੀ ਖ਼ਾਲਸਾ ਗੁਰੂ ਦਾ ਖ਼ਾਲਸ ਬੰਦਾ ਬਣ ਜਾਂਦਾ ਹੈ ਅਤੇ ਬਣਿਆ ਰਹਿੰਦਾ ਹੈ, ਜਦ ਤੀਕ ਕਿ ਉਹ ਗੁਰ ਆਗਿਆਕਾਰੀ, ਗੁਰ ਉਪਦੇਸ਼ ਅਨੁਸਾਰੀ, ਗੁਰੂ ਦਾ ਹੁਕਮੀ ਬੰਦਾ ਖਿਨ ਖਿਨ ਰਹਿੰਦਾ ਹੈ।

**ਅੰਮ੍ਰਿਤ ਛਕਾਉਣਾ ਮੁੜ ਸੁਰਜੀਤ ਕਰਨਾ ਹੈ–**

'ਅੰਮ੍ਰਿਤ' ਦੀ ਪਵਿੱਤ੍ਰਤਾ ਇਸ ਗੱਲ ਵਿਚ ਹੈ ਕਿ ਅੰਮ੍ਰਿਤਧਾਰੀ ਖਾਲਸਾ ਜਨ ਦੇ ਅੰਮ੍ਰਿਤ ਛਕਣ ਸਾਰ ਹੀ ਪੂਰਬ ਕਮਾਤੇ ਪਾਪ ਕਰਮ ਸਭ ਬਿਨਾਸ ਹੋ ਜਾਂਦੇ ਹਨ। ਗੁਰੂ ਘਰ ਦਾ ਨਾਮ-ਮੰਤ੍ਰ ਅਤੇ ਪੰਚ ਖਾਲਸ ਗੁਰਮੁਖ ਜਨਾਂ ਦੀ ਪੂਰਨ ਤੱਤ ਗੁਰਮਰਯਾਦਾ ਅਨੁਸਾਰ ਤਿਆਰ ਕੀਤਾ ਹੋਇਆ ਅੰਮ੍ਰਿਤ ਰੂਪੀ ਪੰਚ-ਤੰਤਰੀ ਜੰਤਰ ਹੀ ਜਨਮ-ਜਨਮਾਂਤਰੀ ਪਾਪਾਂ ਦੇ ਦਘਨ ਕਰਨ ਨੂੰ ਸਮਰੱਥ ਹੈ।......

ਗੁਰਮਤਿ ਮਾਰਗ ਖੰਡੇ-ਧਾਰ ਮਾਰਗ ਹੈ। ਖੰਡੇ-ਧਾਰ ਮਾਰਗ ਉਤੇ ਚਲਦਿਆਂ ਪੈਰ ਖਿਸਰਿਆ ਨਹੀਂ ਤਾਂ ਰਸਾਤਲ ਗਿਰਿਆ ਨਹੀਂ। ਤਾਹੀਂ ਤੇ ਖਿਨ ਖਿਨ ਚੌਕਸਾਈ ਦੀ ਲੋੜ ਹੈ। ਸਾਵਧਾਨਤਾ ਸਹਿਤ ਇਸ ਮਾਰਗ ਖੰਡੇ-ਧਾਰ ਤੇ ਚਲਿਆਂ ਹੀ ਪਾਰ ਪਵੀਦਾ ਹੈ। ਇਕ ਕਦਮ ਅਵੇਸਲੇ ਹੋਇਆਂ ਹੀ ਖ਼ਤਰੇ ਡਿਗਣ ਦੇ ਵਿਆਪ ਜਾਂਦੇ ਹਨ।

ਕੁਰੀਏ ਕੁਰੀਏ ਵੈਦਿਆ ਤਲਿ ਗਾੜਾ ਮਹਰੇਰੁ ॥

ਵੇਖੇ ਛਿਟੜਿ ਥੀਵਦੋ ਜਾਮਿ ਖਿਸੰਦੋ ਪੇਰੁ ॥੧॥ (੫) ਮਾਰੂ ਵਾਰ ਡਖਣੇ, ਡਖਣੇ ਮ: ੫, ਪੰਨਾ ੧੦੯੫ ਵਾਲਾ ਗੁਰਵਾਕ ਸਪੱਸ਼ਟ ਏਸੇ ਸਾਵਧਾਨਤਾ ਲਈ ਹੁਸ਼ਿਆਰ ਕਰਾਉਂਦਾ ਹੈ। 'ਆਖਾ ਜੀਵਾ ਵਿਸਰੈ ਮਰਿ ਜਾਉ' ਵਾਲਾ ਗੁਰਵਾਕ ਭੀ ਸਾਫ਼ ਦਸਦਾ ਹੈ ਕਿ ਜਦ ਤੋੜੀ ਅੰਮ੍ਰਿਤ ਨਾਮ ਦਾ ਅਭਿਆਸ ਮੁਖ ਰਸਨਾ ਤੇ ਰਹਿੰਦਾ ਹੈ, ਜਦ ਤਾਈਂ ਸਿਖ ਅਭਿਆਸੀ-ਜਨ ਅਮਰ ਜੀਵਨੀ ਜੀਵੰਦਾ ਹੈ ਅਤੇ ਜਦੋਂ, ਜਿਸ ਖਿਨ ਭੀ ਨਾਮ ਦੀ ਸਿਮਰਨ-ਮਈ ਅਮਰ-ਕਲਾ ਤੋਂ ਉਖੜ ਜਾਂਦਾ ਹੈ ਤਿਸੇ ਛਿਨ ਇਸ ਦਾ ਮਰਨ ਹੋ ਜਾਂਦਾ ਹੈ। ਨਾਮ ਵਿਚ ਹਰਦਮ ਜੁਟੇ ਰਹਿਣਾ ਬੜੀ ਅਉਖੀ ਕਾਰ ਹੈ। ਨਾਮ ਰਹੱਸ ਆਏ ਬਿਨਾਂ ਇਹ ਸੌਖੀ ਨਹੀਂ ਹੁੰਦੀ ਅਤੇ ਨਾਮ ਰਸ ਆਇਆਂ ਇਹ ਛੱਡ ਨਹੀਂ ਹੁੰਦੀ। ਕੁਸੰਗ ਬਿਖਿਆ ਰਸ ਦੇ ਪ੍ਰਬਲ ਪਇਆਂ ਜਦੋਂ ਭੀ ਇਹ ਛੁਟੀ ਤਦੋਂ ਹੀ ਇਸ ਤੋਂ ਛੁਟਕਿਆ ਜਨ ਛਿਟੜ ਹੋ ਜਾਂਦਾ ਹੈ।...ਜਿਹੜੇ ਪੂਰੇ ਭਾਂਡੇ ਪੁੱਗ-ਪਹੁੰਚੇ ਹੋਏ ਪੁਰਖ ਹਨ, ਓਹ ਕਦੇ ਨਹੀਂ ਡਿਗਦੇ ਡੋਲਦੇ। ਯਥਾ ਗੁਰਵਾਕ–

ਪੂਰਨੁ ਕਬਹੁ ਨ ਡੋਲਤਾ ਪੂਰਾ ਕੀਆ ਪ੍ਰਭ ਆਪਿ ॥

ਦਿਨੁ ਦਿਨੁ ਚੜੈ ਸਵਾਇਆ ਨਾਨਕ ਹੋਤ ਨ ਘਾਟਿ ॥੧੬॥ ਥਿਤੀ ਗਉੜੀ ਮ: ੫, ਸਲੋਕ, ਪੰਨਾ ੩੦੦

**ਚੜ੍ਹਦੀ ਕਲਾ ਕਿਵੇਂ ਹੋ ਸਕਦੀ ਹੈ?**

ਅੰਮ੍ਰਿਤ ਛਕ ਕੇ ਪਤਿਤੋਂ ਪਵਿੱਤਰ ਹੋਏ ਪੁਰਸ਼ ਲਈ ਪਰਮ ਜ਼ਰੂਰੀ ਹੈ ਕਿ ਉਸ ਦੇ ਅੰਤਰ-ਆਤਮੇ ਉਸ ਨੂੰ ਪਵਿੱਤ੍ਰਤਾ ਵਿਚ ਸਦਾ ਸੁਰਜੀਤ ਰੱਖਣ ਵਾਲੀ ਅੰਮ੍ਰਿਤ-ਕਣੀ ਹਰ-ਦਮ ਸਿੰਚਰਦੀ ਰਹੇ। ਇਹ ਅੰਮ੍ਰਿਤ-ਕਣੀ ਨਾਮ ਦੀ ਹੈ। ਇਸ ਦਾ ਸੰਚਰਨ ਨਾਮ ਅਭਿਆਸ ਕਮਾਈਆਂ ਦਾ ਅਤੁੱਟ ਪਰਵਾਹ ਚਲਾਉਣਾ ਹੈ। ਨਾਮ ਨੂੰ ਹੀ ਸਾਰੀ ਗੁਰਬਾਣੀ

*ਸਿਧ ਗੋਸਟਿ ॥੨੦॥ ਪੰਨਾ ੯੪੦



www.AKJ.Org

ਅੰਮ੍ਰਿਤ ਰੂਪ ਨਿਰੂਪਣ ਕਰਦੀ ਹੈ। ਗੁਰਬਾਣੀ ਭੀ ਅੰਮ੍ਰਿਤ ਰੂਪ ਹੈ। ਅੰਮ੍ਰਿਤਧਾਰੀ ਗੁਰਸਿਖ ਨੂੰ ਅੰਮ੍ਰਿਤ ਛਕ ਕੇ ਅੰਮ੍ਰਿਤ ਰੂਪ ਗੁਰਬਾਣੀ ਦਾ ਕੀਰਤਨ ਪਾਠ ਅਭਿਆਸ, ਅੰਮ੍ਰਿਤ ਨਾਮ ਦਾ ਸੁਆਸਿ ਸੁਆਸਿ ਸਿਮਰਨ ਅਭਿਆਸ ਕਰਨਾ ਅਤੇ ਕਰੀ ਜਾਣਾ ਅਤਿ ਲਾਜ਼ਮੀ ਹੈ, ਤਾਂਕਿ ਅੰਮ੍ਰਿਤ ਛਕ ਕੇ ਬ੍ਰੀਜ ਬੀਜਿਆ ਅੰਮ੍ਰਿਤ ਚੜ੍ਹਦੇ ਰੰਗਾਂ ਵਿਚ, ਨਿਤ ਨਵਲ ਨਵੇਲੇ ਰੰਗਾਂ ਵਿਚ ਪਰਫੁੱਲਤ ਹੁੰਦਾ ਰਹੇ, ਕਦੇ ਘਟੇ ਨਹੀਂ। ਸੋਕਾ ਕਦੇ ਪੈਣ ਨਾ ਦੇਵੇ। ਉਸ ਦਾ ਉਪਾਉ ਕਿਆ ਭਲੀ ਬਿਧਿ ਹੇਠ ਲਿਖਿਆ ਗੁਰਵਾਕ ਦਸਦਾ ਹੈ–

> ਅੰਮ੍ਰਿਤ ਨਾਮੁ ਮੰਨਿ ਵਸਾਏ ॥ ਹਉਮੈ ਮੇਰਾ ਸਭੁ ਦੁਖੁ ਗਵਾਏ ॥
> ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
> ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
> ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ਰਹਾਉ॥
> ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥ ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
> ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥
> ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥ ਅੰਮ੍ਰਿਤੁ ਗੁਰ ਪਰਸਾਦੀ ਪਾਏ ॥
> ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
> ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥ ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
> ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
> ਅਜਬ ਕੰਮ ਕਰਤੇ ਹਰਿ ਕੇਰੇ ॥ ਇਹੁ ਮਨੁ ਭੂਲਾ ਜਾਂਦਾ ਫੇਰੇ ॥
> ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
> ਖੋਟੇ ਖਰੇ ਤੁਧੁ ਆਪਿ ਉਪਾਏ ॥ ਤੁਧੁ ਆਪੇ ਪਰਖੇ ਲੋਕ ਸਬਾਏ ॥
> ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
> ਕਿਉਕਰਿ ਵੇਖਾ ਕਿਉ ਸਾਲਾਹੀ ॥ ਗੁਰਪਰਸਾਦੀ ਸਬਦਿ ਸਲਾਹੀ ॥
> ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
> ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥ ਸਤਿਗੁਰਿ ਸੇਵਿਐ ਰਿਦੈ ਸਮਾਣੀ ॥
> ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥
>
> ਮਾਝ ਮ: ੩, ਪੰਨਾ ੧੧੮-੧੯

ਇਸ ਦੀ ਵਿਆਖਿਆ :–

ਅੰਮ੍ਰਿਤ ਨਾਮ ਅਭਿਆਸ ਦੇ ਵਾਪਾਰੀ ਗੁਰੂ ਕੇ ਸੁਚਿਆਰ ਸਿਖ ਦੀ ਰਹਿਤ ਰਹਿਣੀ ਇਹ ਹੋਣੀ ਚਾਹੀਦੀ ਹੈ ਕਿ ਖਿਨ ਖਿਨ ਅੰਮ੍ਰਿਤ ਨਾਮ ਨੂੰ ਰਸਨ-ਰਸ-ਮੁਖਾਸੀ ਅਤੇ ਸੁਆਸ ਅਭਿਆਸੀ ਅਜਪਾ ਜਾਪ ਦੁਆਰਾ ਮਨ ਵਿਖੇ ਵਸਾਈ ਰਖੇ ਅਤੇ ਇਸ ਬਿਧਿ ਨਾਮ ਜਪ ਕੇ ਹਉਮੈ ਰੋਗ ਤੋਂ ਉਤਪੰਨ ਹੋਏ ਹਰ ਪ੍ਰਕਾਰ ਦਾ ਦੁਖ ਦਲਿੱਦਰ ਦੂਰ ਕਰ ਦੇਵੇ। ਅਤੇ ਸਦੀਵ ਕਾਲ ਹੀ ਨਾਮ ਅੰਮ੍ਰਿਤ ਬਾਣੀ ਰੂਪੀ ਅਭਿਆਸ ਕਮਾਈ ਦਾ ਅਮਰ ਫਲ ਸਿੱਟਾ ਇਹ ਨਿਕਲੇਗਾ ਕਿ ਅਭਿਆਸੀ ਜਨ ਅੰਮ੍ਰਿਤ ਹੀ ਅੰਮ੍ਰਿਤ ਦੇ ਗਟਾਕ ਰਸ ਪੀਏਗਾ ਅਤੇ ਉਸ ਦੇ ਮਨ ਤਨ ਹੀਅਰੇ ਸਾਰੇ ਹੀ ਸਰੀਰ ਦੀ ਰੋਮਾਵਲੀ ਤੋਂ ਅੰਮ੍ਰਿਤ ਹੀ ਅੰਮ੍ਰਿਤ ਦੇ ਫੁਹਾਰੇ ਸਫੁਟ ਹੋ ਹੋ ਅੰਦਰੋ ਹੀ ਅੰਦਰ ਜੀਉਰਦੇ ਜਾਣਗੇ। (੧)

ਸਤਿਗੁਰੂ ਗੁਰੂ ਅਮਰ ਪ੍ਰਕਾਸ਼ੀ ਸਾਹਿਬ ਗੁਰੂ ਅਮਰਦਾਸ ਜੀ ਨਾਮ-ਅੰਮ੍ਰਿਤ ਬਾਣੀ ਦੇ ਮਨ ਵਸਾਵਣਹਾਰੇ ਐਸੇ ਗੁਰੂ ਸਿਖ ਮੀਤ ਪਿਆਰੇ ਤੋਂ ਵਾਰਨੇ ਬਲਿਹਾਰਨੇ ਜਾਂਦੇ ਹਨ, ਜੋ ਅੰਮ੍ਰਿਤ-ਨਾਮ ਰੂਪੀ ਅੰਮ੍ਰਿਤ-ਬਾਣੀ ਨੂੰ ਮਨ ਵਿਚ ਵਸਾ ਰਸਾ ਤੇ ਰਮਾ ਕੇ ਫੇਰ ਭੀ ਇਸ ਅੰਮ੍ਰਿਤ-ਨਾਮ ਨੂੰ ਧਿਆਈ ਕਮਾਈ ਹੀ ਜਾਂਦਾ ਹੈ। (੧॥ਰਹਾਉ).

ਅਤੇ ਇਸ ਬਿਧਿ ਧਿਆਵਨਾ ਕਮਾਵਨਾ ਕਰਦਾ ਹੈ ਸੋਈ ਅੰਕ (੨ ਤੇ ੩) ਵਿਚ ਇਉਂ ਵਿਆਖਤ ਹੈ ਕਿ



www.AKJ.Org

ਸੁਚਿਆਰ ਅਭਿਆਸੀ ਜ਼ਦ ਬੋਲਦਾ ਹੈ ਤਾਂ ਮੁਖ ਅਤੇ ਬਚਨ ਦੁਆਰਾ ਅੰਮ੍ਰਿਤ ਹੀ ਬੋਲਦਾ ਹੈ, ਭਾਵ ਸਦਾ ਅੰਮ੍ਰਿਤ-ਨਾਮ ਬਾਣੀ ਦਾ ਉਚਾਰਨ ਹੀ ਮੁਖ ਬੈਣੀਓਂ ਕਰਦਾ ਰਹਿੰਦਾ ਹੈ। ਇਸ ਬਿਧਿ ਜਦੋਂ ਉਹ ਅੰਮ੍ਰਿਤ-ਨਾਮ ਬਾਣੀ ਦਾ ਰੂਪ ਹੀ ਹੋਇ ਰਹਿੰਦਾ ਹੈ, ਤਾਂ ਇਸ ਅੰਮ੍ਰਿਤ ਨਾਮ ਬਾਣੀ ਨੂੰ ਮੁਖ ਤੋਂ ਬੋਲਣ ਦਾ ਇਹ ਪਾਰਸ-ਪ੍ਰਭਾਵੀ ਫਲ ਸਫੁਟ ਹੁੰਦਾ ਹੈ ਕਿ ਉਹ ਆਪਣੇ ਅੰਦਰ ਬਾਹਰ ਪਰਤੱਖ ਔਪਣੀਆਂ ਅੱਖੀਆਂ ਨਾਲ ਹਰ ਵਕਤ ਅੰਮ੍ਰਿਤ ਵਰਸਦਾ ਹੀ ਪੇਖਦਾ ਪਰਖਦਾ ਨਿਰਖਦਾ ਹੈ। ਅਤੇ ਇਸ ਅੰਮ੍ਰਿਤ-ਰਸ ਵਿਚ ਰੱਤ ਰੱਤ ਕੇ ਉਹ ਦਿਨ ਰਾਤ ਇਸ ਅੰਮ੍ਰਿਤ-ਨਾਮ ਬਾਣੀ ਦੇ ਅਖੰਡ ਅਭਿਆਸ ਪਾਠ ਕੀਰਤਨ ਰੂਪੀ ਅਕਥ ਕਥਾ ਨੂੰ ਹੀ ਕਹੀ ਜਾਂਦਾ ਹੈ ਅਤੇ ਹੋਰਨਾਂ ਨੂੰ ਆਖ ਕੇ ਸੁਣਾਈ ਜਾਂਦਾ ਹੈ। ਨਾਮ-ਬਾਣੀ ਇਸ ਬਿਧਿ ਕਹੀ ਕੀਤੀ ਕਥੀ ਕਥਾ-ਕੀਰਤੀ ਦੇ ਆਖਣ (ਕਥਨ) ਸੁਣਨ ਸੁਣਾਨ ਤੋਂ ਬਿਨਾਂ ਅਠੋ ਪਹਿਰ ਉਸ ਦਾ ਹੋਰ ਕੋਈ ਕੰਮ ਨਹੀਂ। (੨)

ਇਸੇ ਬਿਧਿ ਅੰਮ੍ਰਿਤ-ਰੰਗਾਂ ਵਿਚ ਰੱਤਾ ਹੋਇਆ ਅਹਿਨਿਸ ਅੰਮ੍ਰਿਤ-ਨਾਮ ਵਿਖੇ ਹੀ ਲਿਵ ਲਾਈ ਰਖਦਾ ਹੈ। ਇਸ ਪ੍ਰਕਾਰ ਦਾ ਅੰਮ੍ਰਿਤ ਅਤੇ ਅੰਮ੍ਰਿਤ ਦਾ ਅਚਰਜ ਸੁਆਦ ਰਹੱਸ ਕੇਵਲ ਗੁਰੂ ਦੇ ਪਰਸਾਦ ਦੁਆਰਾ ਗੁਰ-ਦੁਆਰਿਓਂ ਪ੍ਰਾਪਤ ਹੁੰਦਾ ਹੈ। ਜਿਸ ਜਨ ਉਪਰ ਗੁਰੂ ਦੀ ਕਿਰਪਾ ਹੁੰਦੀ ਹੈ, ਉਸੀ ਜਨ ਨੂੰ ਗੁਰੂ ਦੁਆਰਿਓਂ ਅੰਮ੍ਰਿਤ ਛਕਣ ਦਾ ਸ਼ੁਭ ਅਵਸਰੀ ਸੁਭਾਗ ਪ੍ਰਾਪਤ ਹੁੰਦਾ ਹੈ। ਉਸੇ ਜਉਹਰੀ ਜਨ ਨੂੰ ਅੰਮ੍ਰਿਤ-ਨਾਮ ਰੂਪੀ ਰਤਨ ਵਿਹਾਜਣ ਦਾ ਵਿਰਸਾ ਗੁਰ-ਸਰਣਾਗਤੀ ਪੰਜਾਂ ਪਿਆਰਿਆਂ ਦੁਆਰਾ ਮਿਲਦਾ ਹੈ, ਜੋ ਗੁਰਮਤਿ ਨਾਮ ਰੂਪੀ ਅੰਮ੍ਰਿਤ-ਵਥ ਨੂੰ ਇਸ ਬਿਧਿ ਵਿਹਾਜ ਕੇ, ਇਸ ਅੰਮ੍ਰਿਤ-ਨਾਮ ਦੀਆਂ ਅਤੁਟ ਕਮਾਈਆਂ ਗੁਰ ਹੁਕਮਾਂ ਅਨੁਸਾਰ ਕਰਦੇ ਹਨ, ਉਹਨਾਂ ਉਤੇ ਗੁਰੂ ਸਾਹਿਬ ਦੀ ਅਤ-ਤੁੱਠਣੀ ਅਤੇ ਕਿਰਪਾ-ਪਰਸਾਦਣੀ ਇਹ ਬਖਸ਼ਸ਼ ਹੁੰਦੀ ਹੈ ਕਿ ਉਹਨਾਂ ਦੇ ਰਿਦੰਤਰਿ ਆਤਮ-ਰਸ ਜੋਤਿ ਪਰਕਾਸ਼ ਆਣ ਉਦੇ ਹੁੰਦਾ ਹੈ, ਜਿਸ ਵਿਚ ਮਗਨ ਮਸਤ ਹੋ ਕੇ ਉਹਨਾਂ ਦੀ ਗੁਰ-ਪ੍ਰਸਾਦੀ ਅਹਿਨਿਸਿ ਅੰਤਰਿ ਬਾਹਰਿ ਅੰਮ੍ਰਿਤ ਲਿਵਤਾਰ ਲਗੀ ਰਹਿੰਦੀ ਹੈ। ਇਸ ਅੰਮ੍ਰਿਤ-ਲਿਵਤਾਰੀ-ਆਤਮ-ਰਹੱਸ ਨੂੰ ਪ੍ਰਾਪਤ ਕਰਕੇ ਵੀ ਓਹਨਾਂ ਦੀ ਰਸਨਾ ਇਸ ਅੰਮ੍ਰਿਤ-ਨਾਮ ਨੂੰ ਹੀ ਦਿਨ ਰਾਤ ਭਾਖਦੀ ਉਚਰਦੀ ਰਹਿੰਦੀ ਹੈ। ਰਸਨਾ ਕਰਕੇ ਅੰਮ੍ਰਿਤ ਨਾਮ ਨੂੰ ਆਖਣ ਭਾਖਣ ਨਾਲ ਉਹਨਾਂ ਦੇ ਆਪਣੇ ਮਨ ਤਨ ਵਿਖੇ ਭੀ ਅੰਮ੍ਰਿਤ ਨਾਮ ਦੀ ਸਰਸ਼ਾਰੀ ਨੈਂ ਵਗ ਤੁਰਦੀ ਹੈ, ਜਿਸ ਵਿਚੋਂ ਭਰ ਭਰ ਕੇ ਅਮਿਓ ਰਸ ਦੇ ਅਪਿਓ ਪਿਆਲੇ ਹਰ ਦਮ ਆਪਣੇ ਆਪ ਨੂੰ ਪਿਆਉਂਦੇ ਰਹਿੰਦੇ ਹਨ। ਅਮਿਉ-ਰਸਾਇਣੀ ਗੁਰਮੁਖ ਜਨਾਂ ਦੇ ਮੁਖਾਰਬਿੰਦ ਚਿਹਰੇ ਤੋਂ ਭੀ ਅੰਮ੍ਰਿਤ-ਰਸ ਚੋ ਚੋ ਪੈਣ ਲਗ ਜਾਂਦਾ ਹੈ, ਜਿਸ ਨੂੰ ਪੇਖਿ ਪੇਖਿ ਕੇ ਹੀ ਪੇਖਣਹਾਰੇ ਅਮਿਉ ਰਸਾਇਣੀ ਨਸ਼ਿਆਂ ਵਿਚ ਮਖ਼ਮੂਰ ਹੋ ਜਾਂਦੇ ਹਨ। ਯਥਾ ਗੁਰਵਾਕ:–

ਹਰਿ ਅਮਿਉ ਰਸਾਇਣੁ ਪੀਵੀਐ ॥ ਮੁਹਿ ਡਿਠੈ ਜਨ ਕੈ ਜੀਵੀਐ...॥੪॥ (੮॥੪॥੩੮)

ਮਾਝ ਮ: ੫ ਘਰੁ ੨, ਪੰਨਾ ੧੩੨

ਤਾਂ ਤੇ ਅੰਮ੍ਰਿਤ ਨਾਮ ਦੇ ਅੰਮ੍ਰਿਤ ਸਰਸ਼ਾਰੀਏ ਅਭਿਆਸੀ-ਜਨ ਨਾ ਸਿਰਫ ਆਪ ਹੀ ਖਿਨ ਖਿਨ ਅੰਮ੍ਰਿਤ ਦੇ ਗਟਾਕ ਰਸ ਭੁੰਚਦੇ ਹਨ ਬਲਕਿ ਹੋਰਨਾਂ ਨੂੰ ਭੀ ਭੁੰਚਾਉਂਦੇ ਹਨ। (੩)

ਨਾਮ ਅਭਿਆਸੀ ਜਨ ਦੇ ਇਹ ਗੱਲ ਚਿਤ-ਚੇਤੇ ਭੀ ਨਹੀਂ ਹੁੰਦੀ ਕਿ ਉਸ ਦੀ ਦਸ਼ਾ ਉਪਰ ਇਹ ਅਮਿਉ-ਰਸਾਇਣ ਅਤੇ ਕਿਰਪਾ-ਕਟਾਕਸ਼ਨੀ ਕਉਤਕ ਵਰਤਣੇ ਹਨ। ਉਸ ਦਾ ਕੰਮ ਤਾਂ ਬਸ ਨਾਮ ਅਭਿਆਸ ਵਿਖੇ ਜੁਟੇ ਰਹਿਣਾ ਹੀ ਹੁੰਦਾ ਹੈ। ਉਸ ਦੀਆਂ ਨਾਮ ਅਭਿਆਸ, ਕਮਾਈਆਂ ਉਤੇ ਤੁੱਠ ਕੇ ਦਾਤਾਰ ਗੁਰੂ ਕਰਤਾਰ ਉਪਰ ਦਸੀਆਂ ਦਾਤਾਂ ਦੀ ਬਖਸ਼ਸ਼ ਕਰਦਾ ਹੈ। ਬਖ਼ਸ਼ਿੰਦ ਦਾਤਾਰ ਦਾ ਦਾਤ-ਜੋਤਿ-ਮਈ ਹੁਕਮ ਅਮਿਟ ਹੁੰਦਾ ਹੈ। ਇਸ ਨੂੰ ਕੋਈ ਮੇਟ ਨਹੀਂ ਸਕਦਾ। ਉਸ ਹੁਕਮੀ ਸੱਚੇ ਹਾਕਮ ਦੇ ਹੁਕਮ ਅੰਦਰ ਹੀ ਇਹ ਅੰਮ੍ਰਿਤ ਬਾਣੀ ਵਰਤਦੀ ਹੈ ਅਤੇ ਹੁਕਮੇ ਅੰਦਰ ਇਹ ਅੰਮ੍ਰਿਤ ਪੀਵੀ ਪਿਆਈਦਾ ਹੈ। (੪)

ਕਰਤੇ ਪੁਰਖ ਪਰਮਾਤਮਾ ਦੇ ਬਿਸਮ ਬਿਨੋਦੀ ਚੋਜ ਅਤੀ ਅਸਚਰਜ ਅਤੇ ਪਰਮ ਅਦਿਭੁਤ ਹਨ ਕਿ ਭੁਲੇ ਜਾਂਦੇ ਅਉਝੜ ਪਏ ਹੋਏ ਬਿਖਈ ਮਨ ਨੂੰ ਅੰਮ੍ਰਿਤ ਨਾਮ ਬਾਣੀ ਦੀ ਗੁਰਪਰਸਾਦੀ ਟੇਕ ਬਖ਼ਸ਼ ਕੇ ਗੁਰਮਤਿ ਮਾਰਗੀ ਸੁਮਾਰਗ ਉਤੇ ਫੇਰ ਲਿਆਉਂਦਾ ਹੈ। ਅੰਮ੍ਰਿਤ ਬਾਣੀ ਸਿਉਂ ਚਿਤ ਲਾਉਣ ਦਾ ਅਚਰਜ ਕ੍ਰਿਸ਼ਮਾ ਇਹ ਵਰਤਦਾ



www.AKJ.Org

ਹੈ ਕਿ ਉਸ ਦੇ ਦਸਮ ਦੁਆਰ ਵਿਖੇ ਅਨਹਤੀ ਅੰਮ੍ਰਿਤ ਧੁੰਨਕਾਰ, ਇਸ ਨਾਮ ਗੁਰਸ਼ਬਦ ਦੇ ਪਾਰਸ ਪਰਤਾਪ ਦੁਆਰਾ ਆਣ ਵਜਦੀ ਹੈ। (੫)

ਭੁਲੇ ਜਾਂਦੇ ਮਨ ਨੂੰ ਇਸ ਅਸਚਰਜ ਫੇਰਨੀ ਫੇਰ ਕੇ ਆਪਣੇ ਜੋਤਿ ਸਰੂਪੀ ਮੂਲ ਅਸਲੇ ਮਈ ਸਨਾਤਨ ਰੂਪ ਵਿਚ ਲਿਆ ਪਲਟਾਵਨਾ ਗੁਰਮਤਿ ਨਾਮ ਦਾ ਹੀ ਕ੍ਰਿਸ਼ਮਾ ਹੈ। ਕੇਵਲ ਇਸ ਕ੍ਰਿਸ਼ਮੇ ਦੁਆਰਾ ਹੀ ਮਨਮੁਖੀ ਜੀਵ ਖੋਟਿਓਂ ਖਰੇ ਹੋ ਜਾਂਦੇ ਹਨ ਅਤੇ ਇਹ ਕ੍ਰਿਸ਼ਮਾ-ਰਸਾਇਣੀ ਪਾਰਸ ਇਕ ਵਾਰ ਪਰਸਿਆ ਹੀ ਕਾਫ਼ੀ ਨਹੀਂ। ਇਸ ਨਾਮ ਅੰਮ੍ਰਿਤ ਰੂਪੀ ਪਾਰਸ ਰਸਾਇਣੀ ਕ੍ਰਿਸ਼ਮੇ ਨੂੰ ਖਿਨ ਖਿਨ ਕ੍ਰਿਸ਼ਮਣ ਦੀ ਲੋੜ ਹੈ। ਜੇ ਨਾ ਖਿਨ ਖਿਨ ਪਰਸੇ ਅਤੇ ਇਕ ਵਾਰ ਪਰਸ ਕੇ ਫੇਰ ਕਦੇ ਨਾ ਪਰਸੇ ਤਾਂ ਪਾਰਸ-ਕਲਾ-ਭੂਤੀ-ਅੰਮ੍ਰਿਤ ਰਸਾਇਣ, ਅਮਰ ਜੀਵਨੀ ਪ੍ਰਭਾਵ ਨਹੀਂ ਵਰਤਾ ਸਕਦਾ। ਚੜ੍ਹਦੀ ਕਲਾ ਤੋਂ ਖੜ੍ਹਦੀ ਕਲਾ ਹੋ ਜਾਂਦੀ ਹੈ ਅਤੇ ਸਮਾਂ ਪਾ ਕੇ ਖੜ੍ਹਦੀ ਕਲਾ ਤੋਂ ਢਹਿੰਦੀ ਅਤੇ ਨਿਘਰਦੀ ਕਲਾ ਦੀ ਨਿਘਰੋ ਜਿਘਰੀ ਆ ਜਾਂਦੀ ਹੈ। ਬਸ ਜੋ ਮਨ ਉਲਟ ਸਨਾਤਨ ਹੋ ਕੇ ਖੋਟਿਓਂ ਖਰਾ ਬਣਿਆ ਸੀ, ਓਹੀ ਫੇਰ ਖਰਿਓਂ ਖੋਟਾ ਹੋ ਜਾਂਦਾ ਹੈ। ਨਾਮੁ ਅੰਮ੍ਰਿਤ ਰੂਪੀ ਪਾਰਸ ਦੀ ਪਰਸ ਤੋਂ ਖੀਨ ਹੋ ਕੇ ਇਹੀ ਹਵਾਲ ਹੋਇ ਜਾਂਵਦੇ ਹਨ। ਨਾਮ ਦੇ ਸਨਮੁਖ ਅਭਿਆਸੀ ਹੋਣ ਦਾ ਪਾਰਸ-ਫਲ, ਫਲ-ਪਰਦਾਤੇ ਵਲੋਂ ਇਹ ਮਿਲਦਾ ਹੈ ਕਿ ਅੰਮ੍ਰਿਤ ਨਾਮ ਅਭਿਆਸ ਪ੍ਰਾਇਣੀ ਗੁਰ ਸਨਮੁਖ ਸਿਖ ਖੋਟਿਓਂ ਖਰਾ ਹੋ ਜਾਂਦਾ ਹੈ। ਨਾਮ ਤੋਂ ਬੇਮੁਖ ਹੋਇਆਂ ਇਹ ਫਲ ਮਿਲਦਾ ਹੈ ਕਿ ਉਹ ਫੇਰ ਖਰਿਓਂ ਖੋਟਾ ਹੋ ਜਾਂਦਾ ਹੈ। ਆਪੋ ਆਪਣੇ ਕਰਮਾਂ ਦਾ ਫਲ ਸਭ ਨੂੰ ਮਿਲਦਾ ਹੈ, ਅਤੇ ਏਹਨਾਂ ਕਰਮਾਂ ਦੇ ਫਲ ਅਧੀਨ ਹੀ ਕਰਤੇ ਪੁਰਖ ਵਲੋਂ ਖਰੇ ਖੋਟੇ ਪੁਰਸ਼ਾਂ ਦਾ ਉਪਾਵਣਾ ਹੁੰਦਾ ਹੈ। ਸੋਈ ਭਾਵ ਇਸ ਸ਼ਬਦ ਦੇ ਛੇਵੇਂ ਪਦੇ ਵਿਚ ਨਿਰਣਤ ਹੈ। ਖੋਟੇ ਖਰੇ ਪੁਰਸ਼ ਉਸ ਨੇ ਆਪ ਹੀ ਉਪਾਏ ਹਨ ਅਤੇ ਖੋਟੇ ਖਰੇ ਦੀ ਪਰਖ ਭੀ ਆਪ ਹੀ ਕੀਤੀ ਹੈ ਅਤੇ ਇਸ ਪਰਖ ਦੁਆਰਾ ਕਰਤੇ ਪੁਰਖ ਨੇ ਸਮੂਹ ਲੋਕ ਪਰਖੇ ਹਨ। ਖਰਿਆਂ ਨੂੰ ਤਾਂ ਪਰਖ ਕੇ ਖ਼ਜ਼ਾਨੇ ਪਾ ਲਿਆ ਹੈ ਅਤੇ ਖੋਟਿਆਂ ਨੂੰ ਫੇਰ ਭਰਮ-ਭੁਆਟਣੀਆਂ ਮਿਲਦੀਆਂ ਹਨ ਤੇ ਚੁਰਾਸੀ ਦੇ ਗੇੜ ਵਿਚ ਭੁਆਉਂਦਾ ਹੈ। (੬)

ਪਿਛਲੀ ਲੜੀ ਫੇਰ ਫੜਾਇ ਕੇ ਅਗਲੀ ਪੰਗਤੀ ਓਸੇ ਗੱਲ ਨੂੰ ਫੇਰ ਨਿਰਣਾਉਂਦੀ ਹੈ, ਗੁਰੂ ਅਕਾਲ ਪੁਰਖ ਦੇ ਭਾਣੇ ਵਿਚ ਹੀ ਅੰਮ੍ਰਿਤ ਵਸਦਾ ਹੈ ਅਤੇ ਭਾਣੇ ਅੰਦਰ ਹੀ ਓਹ ਜਿਸ ਕਿਸੇ ਦੇ ਭਾਗ ਕਰਮਾਂ ਅਨੁਸਾਰ ਜਗਾਉਂਦਾ ਹੈ ਓਸੇ ਨੂੰ ਅੰਮ੍ਰਿਤ ਪੀਆਵੰਦਾ ਹੈ। ਇਸ ਅੰਮ੍ਰਿਤ ਕਲਾਧਾਰੀ ਨਾਮੀ ਨੂੰ ਵੇਖੇ, ਪਰਤਖ ਵੇਖੇ ਬਿਨਾਂ ਕਿਵੇਂ ਸਲਾਹਿਆ ਜਾਵੇ। ਵੇਖੇ ਬਾਝੋਂ ਪਤੀਜ ਨਹੀਂ ਆਉਂਦੀ। ਪਤੀਜੇ ਬਿਨਾਂ ਸਲਾਹੁਣ ਦੀ ਹਲਾਸ਼ੇਰੀ ਨਹੀਂ ਉਪਜਦੀ। ਅਤੇ ਆਪੇ ਵੇਖਣਾ ਅਤੇ ਸਲਾਹੁਣਾ ਅਤੀ ਅਸੰਭਵ ਹੈ, ਇਹ ਤਾਂ :-ਗੁਰ ਪਰਸਾਦੀ ਸਬਦਿ ਸਾਲਾਹੀ ॥ [੧੧੯
ਗੁਰ ਪਰਸਾਦੁ ਕਰੇ, ਨਾਮ ਦੇਵੇ ਤਾਂ ਨਾਮੀ ਇਸ ਨਾਮ ਸ਼ਬਦ ਦੁਆਰਾ ਸਾਲਾਹਿਆ ਜਾਵੇ ਤਾਂ ਘਾਲਿ ਥਾਇ ਪਵੇ ਅਤੇ ਅਤੁਟ ਸ਼ਬਦ ਕਮਾਈਆਂ ਹੋਣ। ਇਸ ਬਿਧਿ ਉਸ ਦੇ ਭਾਣੇ ਅੰਦਰ ਹੁਕਮ ਰਜਾਈ ਚਲਿਆਂ "ਸਿਫਤਿ ਸਾਲਾਹਣ ਤੇਰਾ ਹੁਕਮੁ ਰਜਾਈ"* ਦੇ ਗੁਰਵਾਕ ਅਨੁਸਾਰ ਪੂਰਨ ਅੰਮ੍ਰਿਤ-ਕਲਾ ਵਰਤਦੀ ਹੈ। (੭)

ਅਤੇ ਪਰਤੱਖ ਪ੍ਰਤੀਤ (Realise) ਹੁੰਦਾ ਹੈ ਕਿ ਸਚਮੁਚ ਇਹ ਗੁਰ ਸ਼ਬਦ ਨਾਮ ਗੁਰਮੰਤ੍ਰ ਅੰਮ੍ਰਿਤ ਸਰੂਪ ਅਤੇ ਅੰਮ੍ਰਿਤ ਕਲਾ ਸੰਪੰਨ ਹੈ ਅਤੇ ਇਹੋ ਨਾਮ-ਅੰਮ੍ਰਿਤ ਹੀ ਅੰਮ੍ਰਿਤ ਬਾਣੀ ਸਰੂਪ ਹੈ, ਅਤੇ ਸਤਿਗੁਰ ਦਾ ਸੇਵਕ ਸਿਖ ਬਣ ਕੇ ਇਸ ਅੰਮ੍ਰਿਤ ਦਾ ਰਿਦੰਤਰਿ ਸਮਾਉਣਾ ਹੁੰਦਾ ਹੈ। ਇਸ ਅੰਮ੍ਰਿਤ ਨੂੰ ਹਿਰਦੇ ਅੰਤਰਿ ਸਦਾ ਸਰਸ਼ਾਰ ਲਹਿਲਹਾਉਂਦਾ ਰਖਣ ਲਈ ਅੰਮ੍ਰਿਤ ਦਾ ਸਦੀਵੀ ਜਾਪ ਅਭਿਆਸ ਹੀ ਸਦਾ ਸੁਖ-ਦਾਤਾ ਹੈ। ਸਚ ਮੁਚ ਇਸ ਅੰਮ੍ਰਿਤ ਨੂੰ ਪੀ ਪੀ ਸਭ ਭੁਖਾਂ ਲਹਿ ਜਾਂਦੀਆਂ ਹਨ। (੮)

**ਅੰਮ੍ਰਿਤ ਨਾਮ ਯਾ ਨਾਮ ਅੰਮ੍ਰਿਤ—**

ਦਮ-ਬ-ਦਮ ਨਾਮ ਅਭਿਆਸ ਰੂਪੀ ਅੰਮ੍ਰਿਤ ਪਿਆਲੇ ਪੀ ਪੀ ਕੇ ਪੰਜਾਂ ਪਿਆਰਿਆਂ ਦੁਆਰਾ ਪੀਤੇ ਅੰਮ੍ਰਿਤ ਦੀ ਸੁਰਜੀਤੀ, ਸਦਾ ਸੁਰਜੀਤੀ ਰਹਿੰਦੀ ਹੈ। ਇਸ ਬਿਧਿ ਇਕ ਵਾਰ ਛਕੇ ਅੰਮ੍ਰਿਤ ਨੂੰ ਚਾਰ-ਚੰਦ ਹੋਰ ਲਗ ਜਾਂਦੇ

*ਮਾਝ ਮ: ੫, ॥੪॥੧੩॥੨੦॥ ਪੰਨਾ ੧੦੦



www.AKJ.Org

ਹਨ ਅਤੇ ਲਗੇ ਹੀ ਰਹਿੰਦੇ ਹਨ। ਅੰਮ੍ਰਿਤ ਨਾਮ ਅਭਿਆਸ ਦਾਂ ਵੇਗ ਚਲਾ ਕੇ ਅਠੇ ਪਹਿਰ ਅੰਤਰਿ ਬਾਹਰ ਬਸ ਜੋਤਿ-ਪ੍ਰਕਾਸ਼ ਅੰਮ੍ਰਿਤ ਦੀ ਨੈਂ ਚਲਦੀ ਰਹਿੰਦੀ ਹੈ। ਚੱਤੇ-ਪਹਿਰ ਰਸ-ਜੋਤਿ ਅੰਮ੍ਰਿਤ-ਧਾਰ ਦਾ ਮੂਸਲੇ-ਧਾਰ ਮੀਂਹ ਪੈਂਦਾ ਰਹਿੰਦਾ ਹੈ। ਇਸ ਪਾਰਸ-ਅੰਮ੍ਰਿਤ-ਰਸਾਇਆਂ ਦੀ ਪਾਰਸ-ਅਭਿਆਸ-ਕਮਾਈ ਦੀ ਬਰਕਤ ਕਰਕੇ ਸਹਿਜ ਸੁਭਾਇ ਹੀ ਨਭ ਨਾਭ ਵਿਖੇ ਇਕ-ਸਾਰ ਅੰਮ੍ਰਿਤ ਬਰਸਦਾ ਹੈ। ਅਤੇ ਕੋਈ ਵਿਰਲਾ ਅਤੇ ਵਡਿਭਾਗਾ ਗੁਰਮੁਖ ਜਨ ਹੀ ਇਸ ਸਹਿਜ ਉਨਵੀ ਵਰਸਾਉ ਵਾਲੇ ਅੰਮ੍ਰਿਤ ਨੂੰ ਭੁੰਚਦਾ ਹੈ ਅਤੇ ਦਮ-ਬ-ਦਮ ਅੰਮ੍ਰਿਤ ਪੀ ਪੀ ਕੇ ਸਦਾ ਤ੍ਰਿਪਤਾਸਿਆ ਰਹਿੰਦਾ ਹੈ ਅਤੇ ਉਸ ਦੀਆਂ ਸਾਰੀਆਂ ਤਿਸ਼ਨਾਵਾਂ, ਬਿਖੇ-ਬਾਸ਼ਨਾਵੀ-ਤ੍ਰਿਸ਼ਨਾ-ਵਾਸ਼ਨਾਵਾਂ ਸਭ ਬੁਝ ਜਾਂਦੀਆਂ ਹਨ ਅਤੇ ਬੁਝੀਆਂ ਰਹਿੰਦੀਆਂ ਹਨ। ਜਿਸ ਉਤੇ ਗੁਰੂ ਦੀ ਅਪਾਰ ਕਿਰਪਾ ਹੁੰਦੀ ਹੈ ਓਸੇ ਗੁਰਮੁਖ ਜਨ ਨੂੰ ਇਸ ਅੰਮ੍ਰਿਤ ਰਸ ਦੇ ਗਟਾਕ ਗੁਰੂ ਪੀਆਵੰਦਾ ਹੈ। ਓਸੇ ਦੀ ਰਸਨਾ ਇਸ ਅੰਮ੍ਰਿਤ-ਰਸ ਨੂੰ ਚੱਖ ਚੱਖ ਸਦਾ ਹਰਿ-ਰੰਗ-ਰੱਤੀ ਰਹਿੰਦੀ ਹੈ ਅਤੇ ਇਸ ਰੰਗ-ਰਤੜੀ ਦਸ਼ਾ ਵਿਚ ਲਿਵ ਮਗਨ ਹੋ ਕੇ ਉਹ ਸਹਿਜ ਅਵਸਥਾ ਵਿਖੇ ਲੀਨ ਹੋਇਆ ਹਰਿ ਗੁਣ ਗਾਵੰਦਾ ਰਹਿੰਦਾ ਹੈ। ਇਉਂ ਉਸ ਦੀ ਸੁਰਤੀ ਬਿਰਤੀ ਥਿੜਕਣ ਤੇ ਡਿਗਣ ਡੋਲਣ ਤੋਂ ਥੰਮੀ ਰਹਿੰਦੀ ਹੈ। ਪਰੰਤੂ ਇਹ ਸਹਿਜ ਪਦ ਕਿਸੇ ਵਿਰਲੇ ਨੂੰ ਹੀ ਮਿਲਦਾ ਹੈ ਅਤੇ ਜਿਸ ਨੂੰ ਮਿਲਦਾ ਹੈ, ਗੁਰਪ੍ਰਸਾਦੀ ਹੀ ਮਿਲਦਾ ਹੈ। ਅਰਥਾਤ ਗੁਰੂ ਘਰ ਦੇ ਅੰਮ੍ਰਿਤ ਪ੍ਰਸਾਦੀ ਛਾਂਦਿਆਂ ਦੀ ਦਾਤ ਪ੍ਰਾਪਤ ਹੋਣ ਪਰ ਮਿਲਦਾ ਹੈ। ਇਸ ਸਹਿਜ ਪਦ ਨੂੰ ਪਾ ਕੇ ਹੀ ਉਸ ਦੀ ਦੁਬਿਧਾ ਮਰਦੀ ਹੈ, ਇਕਸ ਸਿਉਂ ਲਿਵ ਲਾਉਣ ਕਰਕੇ। ਇਸ ਅੰਮ੍ਰਿਤ ਮਹਾਂ ਰਸ ਲਿਵਤਾਰ ਨੂੰ ਸਦਾ ਇਕ-ਰਸ ਸੋਈ ਜਨ ਮਾਣਦਾ ਹੈ ਜੋ ਗੁਰਮੁਖ ਸਿਖ ਗੁਰੂ ਦੀ ਨਦਰ ਮੇਹਰ ਦਾ ਪਾਤਰ ਹੋਇਆ ਵਿਆ ਹਰਿ ਗੁਣ ਗਾਵੰਦਾ ਸਦਾ ਸਿਫ਼ਤ ਸਾਲਾਹ ਕਰਦਾ ਰਹਿੰਦਾ ਹੈ। ਅਤੇ ਇਉਂ ਨਦਰ-ਪਾਤਰ ਹੋ ਕੇ ਉਸ ਦਾ ਅਮਰ-ਪਦ ਵਿਖੇ ਹੀ ਸਮਾਉਣਾ ਹੋ ਜਾਂਦਾ ਹੈ। ਇਹ ਗੁਰੂ ਕਰਤਾਰੀ ਨਦਰ ਮੇਹਰ ਦਾ ਪਾਤਰ ਥੋੜਾ ਬਹੁਤਾ ਹਰ ਕੋਈ ਹੋ ਸਕਦਾ ਹੈ। ਇਸ ਨਦਰ-ਮੇਹਰ ਦੇ ਸਭੇ ਸਾਂਝੀਵਾਲ ਹਨ, ਕੋਈ ਭੀ ਨਦਰੋਂ ਬਾਹਰਾ ਨਹੀਂ। ਪਰ ਇਸ ਨਦਰ-ਮੇਹਰ ਦੀ ਸੱਚੀ ਸੋਝੀ ਗੁਰੂ ਦੁਆਰਾ ਕਿਸੇ ਗੁਰਮੁਖ ਜਨ ਨੂੰ ਹੀ ਪੈ-ਸਕਦੀ ਹੈ। ਜਿਸ ਗੁਰਮੁਖ ਜਨ ਉਪਰ ਇਹ ਨਦਰ-ਮੇਹਰ ਹੁੰਦੀ ਹੈ ਅਤੇ ਜਿਸ ਗੁਰਮੁਖ ਜਨ ਉਪਰ ਇਹ ਨਦਰ ਮੇਹਰ ਦੀ ਸੱਚੀ ਸੋਝੀ ਪੈਂਦੀ ਹੈ, ਓਹੀ ਗੁਰਮੁਖ ਪਿਆਰਾ ਨਾਮ-ਅੰਮ੍ਰਿਤ-ਤੱਤ ਦੀ, ਤੱਤ ਅਭਿਆਸ ਕਮਾਈ ਕਰਦਾ ਹੈ, ਨਹੀਂ ਤਾਂ 'ਪਾਲ ਸਮੂਹਾ' ਅੰਮ੍ਰਿਤ ਸਰੋਵਰ ਭਰਿਆ ਸਦਾ ਹੀ ਅਕਾਸ਼-ਗਗਨ ਵਿਖੇ ਡਲ੍ਹ ਡਲ੍ਹ ਕਰਦਾ ਹੈ ਅਤੇ ਅੰਮ੍ਰਿਤ ਦੇ ਭੰਡਾਰ ਸਦਾ ਹੀ ਭਰੇ ਰਹਿੰਦੇ ਹਨ, ਪ੍ਰੰਤੂ ਸਤਿਗੁਰੂ ਦਾ ਨਦਰ-ਪਾਤਰੀ ਸੇਵਕ ਸਿਖ ਬਣੇ ਬਿਨਾਂ ਕਿਸੇ ਨੂੰ ਇਹ ਅਮਰ ਪਦਾਰਥ ਨਹੀਂ ਪ੍ਰਾਪਤ ਹੁੰਦਾ। ਗੁਰ ਕਿਰਪਾ ਦੁਆਰਾ ਅੰਮ੍ਰਿਤ ਨਾਮ ਦੀ ਗੁਰਮੰਤ੍ਰੀ ਬੀਜ ਮਾਤਰ ਦੀ ਪ੍ਰਾਪਤੀ ਜਿਸ ਨੂੰ ਹੁੰਦੀ ਹੈ, ਓਹੀ ਗੁਰ-ਨਦਰ-ਪਾਤਰੀ-ਜਨ ਨਾਮ ਜਪ ਜਪ ਕੇ, ਅਰਥਾਤ ਨਾਮ ਅਭਿਆਸ ਕਮਾਈ ਕਰ ਕਰ ਕੇ ਹਉਮੈ ਦੀ ਪਾਲ ਵਿਚੋਂ ਦੂਰ ਕਰਦਾ ਹੈ। ਫੇਰ ਅੰਮ੍ਰਿਤ ਦੇ ਸੋਮੇ ਖੁਲ੍ਹ ਖੁਲ੍ਹ ਪੈਂਦੇ ਹਨ। ਫਿਰ ਜੋ ਨਾਮ-ਭਗਤਿ-ਕਮਾਈ ਰੂਪੀ ਸਤਿਗੁਰੂ ਦੀ ਸੇਵਾ ਕਰਨ ਵਿਚ ਖਿਨ ਖਿਨ ਪਲ ਪਲ ਤਤਪਰ ਰਹਿੰਦਾ ਹੈ, ਉਸ ਦੇ ਮੁੱਖ ਉਤੇ ਸਦਾ ਹੀ ਅੰਮ੍ਰਿਤ-ਰਸ ਤੇਜਸ੍ਵੀ ਜਲਵਾ ਵਰਸਦਾ ਰਹਿੰਦਾ ਹੈ। ਅੰਮ੍ਰਿਤ ਨਾਮ ਦੇ ਜੋਤਿ-ਜਲਵਨੀ-ਪ੍ਰਭਾਵ ਕਰਿ ਉਹ ਘਟ-ਸੋਹਨੀ ਮਨ-ਮੋਹਨ ਬਣ ਜਾਂਦਾ ਹੈ। ਇਸ ਬਿਧ ਉਸ ਦਾ ਮਨ ਤਨ ਅੰਮ੍ਰਿਤ ਨਾਮ ਬਾਣੀ ਰਤੰਨਾ ਹੀ ਰਹਿੰਦਾ ਹੈ ਅਤੇ ਸਹਿਜ ਸੁਭਾਵ ਉਸ ਦੇ ਮੁਖ ਤੋਂ ਅੰਮ੍ਰਿਤ ਹੀ ਬਰਸਦਾ ਹੈ, ਅਤੇ ਅੰਮ੍ਰਿਤ ਹੀ ਨਿਕਸਦਾ ਹੈ। ਤਾਂ ਤੇ ਇਸ ਅੰਮ੍ਰਿਤ ਨਾਮ ਅਭਿਆਸ ਦੀ ਖਿਨ ਖਿਨ ਤੱਤ ਕਮਾਈ ਹੀ ਹੈ ਜੋ ਗੁਰਸਿਖਾਂ ਗੁਰਮੁਖਾਂ ਨੂੰ ਤੱਤ ਗੁਰਮਤਿ ਮਾਰਗ ਤੋਂ ਗਿਰਨ ਨਹੀਂ ਦਿੰਦੀ ਅਤੇ ਬਿਖੇ ਰਸਾਂ ਵਿਚ ਖੱਚਤ ਹੋਣੋਂ ਅਤੇ ਖੀਨ ਖ਼ਰਾਬ ਹੋਣੋਂ ਹਰ ਦਮ ਰੋਕਦੀ ਰਹਿੰਦੀ ਹੈ। ['ਗੁਰਮਤਿ ਵਿਚਾਰ' ਪੁਸਤਕ ਵਿਚੋਂ


www.AKJ.Org

# ਕੇਸ ਪਹਿਲੀ ਪਾਤਸ਼ਾਹੀ ਤੋਂ ਹੀ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਗੁਰੂ ਸਾਹਿਬਾਨ ਨੇ ਖ਼ੁਦ ਕੇਸ ਰਖੇ ਅਤੇ ਆਪਣੇ ਸਿੱਖਾਂ ਸੇਵਕਾਂ ਨੂੰ ਰਖਾਏ। ਉਹ ਸਿਖ ਸਖਾ ਹੋ ਹੀ ਨਹੀਂ ਸਕਦਾ, ਜੋ ਗੁਰੂ ਦੇ ਭਾਣੇ ਤੋਂ ਉਲਟ ਆਪਣੇ ਭਾਣੇ ਅਨੁਸਾਰ ਚਲੇ। ਯਥਾ ਗੁਰਵਾਕ–

ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਸੋ ਵਿਛੁੜਿ ਚੋਟਾ ਖਾਵੈ ॥...੨॥ (ਸੋਰਠਿ ਮ: ੩–੬੦੧

ਕੀ ਨਿਤਾਪ੍ਰਤਿ ਦਾੜ੍ਹੀ ਕੇਸ ਮੁਨਾਉਣ ਵਾਲੇ ਗੁਰੂ ਕੇ ਭਾਣੇ ਅੰਦਰ ਚਲਦੇ ਹਨ ? ਹਰਗਿਜ਼ ਨਹੀਂ। ਉਹ ਆਪਣੀ ਮਨ ਦੀ ਮਤਿ ਅਨੁਸਾਰ ਗੁਰੂ ਕੇ ਭਾਣੇ ਮੰਨਣ ਦੇ ਆਸ਼ੇ ਨੂੰ ਖਿਨ ਖਿਨ ਲੱਤ ਮਾਰਦੇ ਹਨ।

ਗੁਰੂ ਸਾਹਿਬ ਨੇ ਪਹਿਲੀ ਪਾਤਸ਼ਾਹੀ ਤੋਂ ਲਾ ਕੇ ਦਸਵੀਂ ਪਾਤਸ਼ਾਹੀ ਤਕ ਆਪਣੇ ਗੁਰਸਿੱਖਾਂ ਦੇ ਸੀਸ ਉਪਰ ਕੇਸ ਰਖਵਾਏ, ਮੁਖਾਰਬਿੰਦ ਉਤੇ ਸਾਬਤ ਸੂਰਤੀ ਦਾੜ੍ਹੇ ਸਜਵਾਏ। ਐਸਾ ਮਲੂਮ ਹੁੰਦਾ ਹੈ ਕਿ ਆਪਣੀ ਮਨ ਦੀ ਮਤਿ ਅਨੁਸਾਰ ਚਲਣ ਵਾਲਿਆਂ ਨੇ ਗੁਰੂ ਸਾਹਿਬ ਦੇ ਆਸ਼ੇ ਤੋਂ ਉਲਟ ਇਹ ਚਾਲ ਚਲੀ ਕਿ ਗੁਰਸਿੱਖਾਂ ਨੂੰ ਜਟਾ-ਜੂਟ ਨਾ ਰਹਿਣ ਦੀ ਕੁਵਾਦੜੀ ਵਿਚ ਪਾ ਕੇ ਇਹ ਸਿਧ ਕੀਤਾ ਕਿ ਗੁਰੂ ਸਾਹਿਬ ਕਹਿੰਦੇ ਕੁਛ ਹੋਰ ਸਨ ਤੇ ਕਮਾਂਵਦੇ ਕੁਛ ਹੋਰ ਸਨ।

ਗੁਰੂ ਦਸਵੇਂ ਪਾਤਸ਼ਾਹ ਨੇ ਪਹਿਲੀਆਂ ਗੁਰੂ ਪਾਤਸ਼ਾਹੀਆਂ ਦੇ ਆਸ਼ੇ ਤੋਂ ਕੇਵਲ ਏਤਨੀ ਹੀ ਬੇ-ਅਨੁਸਾਰਤਾ ਕੀਤੀ ਪ੍ਰਤੀਤ ਹੁੰਦੀ ਹੈ ਕਿ ਖੰਡੇ-ਧਾਰ ਸਿੰਘ ਉਨ੍ਹਾਂ ਸਿਖ ਗੁਰ-ਸੇਵਕਾਂ ਨੂੰ ਸਜਾਇਆ ਜੋ ਪਹਿਲਾਂ ਨਹੀਂ ਸਜੇ ਸਨ, ਨਹੀਂ ਤਾਂ ਸਾਰੇ ਹੀ ਕੇਸਾਧਾਰੀ ਜਿਉਂ ਕੇ ਤਿਉਂ ਹੀ ਰਹਿਣ ਦਿਤੇ ਗਏ, ਹੋਰ ਫ਼ਰਕ ਕੋਈ ਨਹੀਂ ਪਿਆ। ਇਹ ਸਿਰਫ਼ ਅਨਮਤੀਆਂ ਦੇ ਅਸਰ ਹੇਠਾਂ ਆ ਕੇ ਹੀ ਗੁਰਸਿੱਖਾਂ ਦੀ ਤਵਾਰੀਖ ਲਿਖਣ ਵਾਲਿਆਂ ਨੇ ਗੁਰੂ ਸਾਹਿਬਾਨ ਅਤੇ ਗੁਰੂ ਦੇ ਸਿੱਖਾਂ ਨੂੰ ਕੇਸ-ਹੀਣ ਜਣਾਉਣ ਦਾ ਮੁਗਾਲਤਾ ਉਪਜਾਇਆ। ਗੁਰੂ ਦਸਮੇਸ਼ ਜੀ ਦੇ ਇਸ ਵਾਕ ਅਨੁਸਾਰ 'ਪੰਥ ਕਰੋਂਗਾ ਖਾਲਸਾ ਸਭ ਕੇਸਾਧਾਰੀ' ਦਾ ਇਹ ਭਾਵ ਹੈ ਕਿ ਅਗੇ ਨੂੰ ਜੁਗੋ ਜੁਗ ਅਟੱਲਤਾ ਕੇਸਾਧਾਰੀ ਸਿੰਘਾਂ ਦੀ ਰਹੇਗੀ। ਇਸ ਦਾ ਇਹ ਭਾਵ ਹਰਗਿਜ਼ ਨਹੀਂ ਕਿ ਦਸਵੇਂ ਪਾਤਸ਼ਾਹ ਨੇ ਹੀ ਕੇਸਾਧਾਰੀ ਸਿੰਘ ਸਜਾਏ, ਪਹਿਲਾਂ ਨਹੀਂ ਸਨ। ਅਸਾਨੂੰ ਤਾਂ ਇਹ ਪ੍ਰਤੀਤ ਹੁੰਦਾ ਹੈ ਕਿ ਕੇਸ-ਹੀਣ ਮੀਣੇ ਮਨ-ਮਤੀਆਂ ਨੇ ਆਪਣਾ ਇਹ ਮਨ-ਮਤ ਭਰਿਆ ਢਕੋਂਸਲਾ ਆਪਣੇ ਹੁਦਰੇਂ ਹੀ ਚਲਾਇਆ ਹੋਣਾ ਹੈ।......

ਸਿਧਾਂਤ ਸਾਰੀਆਂ ਗੁਰੂ ਪਾਤਸ਼ਾਹੀਆਂ ਦਾ ਇਕੋ ਹੀ ਹੈ, ਦੋ ਨਹੀਂ ਹੋ ਸਕਦੇ। ਸਾਰੀਆਂ ਪਾਤਸ਼ਾਹੀਆਂ ਨੇ ਆਪਣੇ ਗੁਰਸਿੱਖਾਂ ਨੂੰ ਜਟਾ-ਜੂਟ ਹੀ ਸਜੇ ਰਹਿਣ ਦਿਤਾ। ਇਸ ਜਟਾ-ਜੂਟ ਤੋਂ ਹੀਣ ਕਰਨ ਵਾਲੀ ਨਿਊਣਤਾ ਹਰਗਿਜ਼ ਕਿਸੇ ਗੁਰੂ ਪਾਤਸ਼ਾਹੀ ਦੇ ਖ਼ਿਆਲ ਤਕ ਨਹੀਂ ਆਈ।

ਤਾਂ ਤੇ ਪੂਰਨ ਗੁਰਮਤਿ ਇਹੋ ਦਸਦੀ ਹੈ ਕਿ ਸਮੂਚੇ ਗੁਰੂ ਸਾਹਿਬਾਨ ਦੇ ਅਨੁਸਾਰੀ ਗੁਰਮੁਖ ਗੁਰਸਿਖ ਨਿਰੋਲ ਜਟਾ-ਜੂਟ ਹੀ ਰਹੇ। ਸ੍ਰੀ ਦਸਮੇਸ਼ ਜੀ ਨੇ ਕੇਸਗੜ੍ਹ ਸਾਹਿਬ ਸਜੇ ਦੀਵਾਨ ਵਿਚ ਕੇਵਲ ਖੰਡੇ ਦਾ ਅੰਮ੍ਰਿਤ ਛਕਾਇਆ, ਅਤੇ ਤਿਨ੍ਹਾਂ ਗੁਰਸਿੱਖਾਂ ਨੂੰ ਛਕਾਇਆ ਜਿਨ੍ਹਾਂ ਦੇ ਸੀਸ ਤੇ ਕੇਸ ਸਜੇ ਹੋਏ ਸਨ ਤੇ ਦਾੜ੍ਹਾ ਸਸ਼ੋਭਤ ਸੀ। ਮੋਨਿਆਂ, ਕੇਸ-ਦਾੜ੍ਹੀ ਰਹਿਤ ਪੁਰਸ਼ਾਂ ਨੂੰ ਅੰਮ੍ਰਿਤ ਨਹੀਂ ਛਕਾਇਆ, ਅਤੇ ਹਰਗਿਜ਼ ਨਹੀਂ ਛਕਾਇਆ। ਸ੍ਰੀ ਕੇਸਗੜ੍ਹ ਸਾਹਿਬ ਦੇ ਰਚੇ ਸ ਕੇ ਅਨੁਸਾਰ ਗੁਰ ਦਸਮੇਸ਼ ਜੀ ਨੂੰ ਬਣੇ ਬਣਾਤੇ ਹੀ ਕੇਸਾਧਾਰੀ ਜਟਾ-ਜੂਟ ਅੰਮ੍ਰਿਤ-ਅਧਿਕਾਰੀ ਸਿਖ ਮਿਲੇ ਅਤੇ ਤਿਨ੍ਹਾਂ ਨੂੰ ਹੀ ਅੰਮ੍ਰਿਤ ਦਾ ਬਾਟਾ ਨਸੀਬ ਹੋਇਆ।

ਇਹ ਕੋਈ ਪਿਛਲੀ ਕਾਢ ਹੈ, ਜਿਸ ਅਨੁਸਾਰ ਕਿ ਗੁਰਮਤਿ ਹੀਣ ਅਨਮਤੀ ਅਸਰ ਹੇਠ ਆਏ ਲੋਕ ਗੁਰਮਤਿ ਅੰਦਰ ਮੋਨਿਆਂ ਦੀ ਸ਼ਰੇਣੀ ਉਤਪੰਨ ਕਰਦੇ ਹਨ। ਗੁਰੂ ਦਸਮੇਸ਼ ਸੱਚੇ ਪਾਤਸ਼ਾਹ ਗੁਰਮਤਿ ਰਹਿਤ-ਰਹਿਣੀ ਦੇ ਪੱਕੇ ਮਰਯਾਦਾ ਪ੍ਰਸ਼ੋਤਮ ਗੁਰੂ ਹੋਏ ਹਨ। ਤਿਨ੍ਹਾਂ ਨੂੰ ਕਦੇ ਭੀ ਇਹ ਗੱਲ ਮਨਜ਼ੂਰ ਨਹੀਂ ਸੀ ਕਿ ਗੁਰਮਤਿ ਅੰਦਰ ਮੋਨਿਆਂ ਦੀ ਕੋਈ ਮਰਯਾਦਾ ਭੀ ਚਲ ਪਏਗੀ।

["ਕੋ ਵਿਰਲਾ ਗੁਰਮਤਿ ਚਲੈ ਜੀਉ" ਟ੍ਰੈਕਟ ਵਿਚੋਂ



www.AKJ.Org

# ਅਣਖ, ਸੁਗੰਧੀ ਭਰਿਆ ਅੰਮ੍ਰਿਤ

[ਪ੍ਰਿੰਸੀਪਲ ਸਜਣ ਸਿੰਘ ਜੀ, 618/6, ਗੋਬਿੰਦਪੁਰੀ, ਕਾਲਕਾ ਜੀ, ਦਿਲੀ-19]

ਸਮਾਜਕ ਜੀਵਨ ਵਿਚ ਨੱਕ ਦੀ ਮਹੱਤਤਾ ਨੂੰ ਨਜ਼ਰ ਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਨੂੰ ਸਲਾਮਤ ਰੱਖਣ ਲਈ ਅਣਖੀ ਬੰਦਾ ਆਪਣੇ ਵਿੱਤ ਅਨੁਸਾਰ ਸੰਘਰਸ਼ ਕਰਦਾ ਆਇਆ ਹੈ। ਇਹ ਨ ਕੇਵਲ ਗਿਆਨ-ਪ੍ਰਾਪਤੀ ਦਾ ਮਹੱਤਵ-ਪੂਰਨ ਅੰਗ ਹੈ, ਬਲਕਿ ਸਵੱਛਤਾ, ਗੈਰਤ, ਸੁੰਦਰਤਾ, ਚੜ੍ਹਦੀ ਕਲਾ ਤੇ ਹਰਿ-ਨਾਮ ਸੁਗੰਧੀ ਦਾ ਵੀ ਪ੍ਰਤੀਕ ਹੈ।

ਵਿਸ਼ੇਸ਼ ਤੌਰ ਤੇ ਮੁਗਲ ਰਾਜ ਕਾਲ ਵਿਚ ਭਾਰਤੀਆਂ ਦੀ ਅਣਖ ਦਾ ਦਿਵਾਲਾ ਨਿਕਲ ਚੁੱਕਾ ਸੀ। ਲਗਾਤਾਰ ਗੁਲਾਮੀ ਦੀ ਅਵਸਥਾ ਨੇ ਸਵੈ-ਮਾਨਤਾ ਦੀ ਚੇਤੰਨਤਾ ਤੇ ਸੱਚੇ ਧਰਮ ਦੇ ਗਿਆਨ ਨੂੰ ਖੋਖਲਾ ਕਰ ਦਿੱਤਾ। ਸਰਬ-ਸ਼ਕਤੀਮਾਨ ਪ੍ਰਮਾਤਮਾ ਦਾ ਦਾਮਨ ਛੱਡ ਕੇ ਸਾਰੀ ਜਨਤਾ, ਭਗਤੀ ਸ਼ਕਤੀ ਦੀ ਸੰਤੁਲਤ ਬਖ਼ਸ਼ਸ਼ ਗੁਆ ਬੈਠੀ। ਜਿਨ੍ਹਾਂ ਮਨਮੁਖਾਂ ਨੇ ਅਕਾਲ ਪੁਰਖ ਨੂੰ ਨਿਰਭਉ ਦੇ ਰੂਪ ਵਿਚ ਨਹੀਂ ਤੱਕਿਆ, ਉਹ ਕਾਇਰ ਬਣ ਗਏ ਤੇ ਉਨ੍ਹਾਂ ਨੇ ਘਸਿ ਘਸਿ ਆਪਣਾ ਨੱਕ ਵਢਾ ਲਿਆ। ਇਸ ਦੇ ਫਲਸਰੂਪ ਓਹ ਗ਼ੈਰਤ ਭਰਿਆ ਜੀਵਨ ਜੀ ਨਹੀਂ ਸਕੇ। ਇਸ ਪ੍ਰਤੀ ਗੁਰਬਾਣੀ ਦਾ ਫ਼ੁਰਮਾਨ ਹੈ :

ਮਨਮੁਖੁ ਕਾਇਰੁ ਕਰੂਪੁ ਹੈ ਬਿਨੁ ਨਾਵੈ ਨਕੁ ਨਾਹਿ ॥
ਅਨਦਿਨੁ ਧੰਧੈ ਵਿਆਪਿਆ ਸੁਪਨੈ ਭੀ ਸੁਖੁ ਨਾਹਿ ॥
ਨਾਨਕ ਗੁਰਮੁਖਿ ਹੋਵਹਿ ਤਾ ਉਬਰਹਿ ਨਾਹਿ ਤ ਬਧੇ ਦੁਖ ਸਹਾਹਿ ॥ [ਸਲੋਕ ਮ: ੩, ਪੰਨਾ ੫੯੧

ਸਾਰਾ ਭਾਰਤ ਅਨਿਕ ਭਾਂਤ ਦੇ ਦੁੱਖਾਂ ਤੇ ਨਿਰਲੱਜਤਾ ਦੀ ਲਪੇਟ ਵਿਚ ਆ ਗਿਆ, ਜਿਨ੍ਹਾਂ ਦੀ ਨਵਿਰਤੀ ਦੀ ਜ਼ੁਮੇਵਾਰੀ ਅਕਾਲ ਪੁਰਖ ਨੇ ਆਪਣੇ ਪਰਮ ਪਿਆਰੇ ਫ਼ਰਜ਼-ਸ਼ਨਾਸ ਸਪੁੱਤਰ ਗੁਰੂ ਗੋਬਿੰਦ ਸਿੰਘ ਜੀ ਨੂੰ ਸੌਂਪੀ। ਏਥੇ ਹੀ ਬੱਸ ਨਹੀਂ, ਸੰਸਾਰ ਤੋਂ ਨਿਆਰਾ ਖਾਲਸਾ ਪੰਥ ਸਿਰਜਣ, ਅਗਵਾਈ ਤੇ ਸਹਾਇਤਾ ਕਰਨ ਦਾ ਬਚਨ ਦੇ ਕੇ ਤੇ ਅਬਚਲੀ, ਨਿਰੰਜਨੀ ਜੋਤ ਪ੍ਰਦਾਨ ਕਰ ਕੇ ਪਟਨਾ ਸਾਹਿਬ ਦੀ ਸੁਭਾਗੀ ਧਰਤੀ ਨੂੰ ਜਗਮਗਾ ਦਿੱਤਾ।

ਪੂਰ-ਭੰਡਾਰੀ ਸਤਿਗੁਰੂ, 'ਹੱਕ ਰਾ ਗੰਜੂਰ ਗੁਰ ਗੋਬਿੰਦ ਸਿੰਘ' ਜੀ ਨੇ ਅਕਾਲ ਪੁਰਖ ਦੇ ਅਟੁੱਟ ਖ਼ਜ਼ਾਨੇ ਵਿਚੋਂ ਸਰਬ ਸਰੇਸ਼ਟ ਵਿਰੋਧੀ ਗੁਣਾ (ਵਾਸਤਵ ਵਿਚ ਪੂਰਕ ਗੁਣ) ਦੀ ਐਸੀ ਰਹਿਮਤ ਬਖ਼ਸ਼ੀ ਕਿ ਸਿੱਖ ਧਰਮ ਦੀ ਫੁਲਵਾੜੀ ਦੇ ਗੰਧ, ਰਸ, ਰੂਪ ਰੰਗ ਅਰ ਰੇਖ ਭੇਖ ਦੇ ਸਦ-ਬਹਾਰ ਨਵੇਲੜ ਨਿਖਾਰ ਵਿਚ ਏਨੀ ਅਥਾਹ ਸ਼ਕਤੀ ਉਤਪੰਨ ਹੋਈ ਕਿ ਸਾਰਾ ਵਿਸ਼ਵ ਇਸ ਦੇ ਆਕਰਖਣ ਤੋਂ ਬਚ ਨਹੀਂ ਸਕਿਆ। ਖੰਡੇ ਦੁਆਰਾ ਤਿਆਰ ਹੋਇਆ ਅੰਮ੍ਰਿਤ, ਆਨ ਨਾਮ-ਧਾਰੀਕ ਅੰਮ੍ਰਿਤਾਂ ਤੋਂ ਵਿਲੱਖਣ ਹੈ, ਜਿਹੜਾ ਮਨੋ-ਵਿਗਿਆਨਕ, ਆਤਮਕ ਤੇ ਸਰੀਰਕ ਸ਼ਕਤੀ, ਨਿਰਗੁਣ ਰਾਮ ਦੀ ਭਗਤੀ, ਆਤਮ-ਰਸ ਦੀ ਮਿਠਾਸ ਤੇ ਹਰਿ-ਨਾਮ ਸੁਗੰਧੀ ਨਾਲ ਭਰਪੂਰ ਹੈ। ਦਸਾਂ ਹੱਥਾਂ ਦੇ ਸਪਰਸ਼, ਪੰਜਾਂ ਬਾਣੀਆਂ ਦੀ ਧੁਨੀ, ਅੰਮ੍ਰਿਤ ਨਾਮ ਦੀ ਸੁਗੰਧੀ, ਪਤਾਸਿਆਂ ਤੇ ਨਾਮ ਦੀ ਮਿਠਾਸ ਤੇ ਹਰਿ-ਨਾਮ ਰਸ ਭਿੰਨੇ ਨੇਤਰਾਂ ਦੀ ਦ੍ਰਿਸ਼ਟੀ ਨੇ ਅੰਮ੍ਰਿਤ ਵਿਚ ਸਿਖਰ ਦਾ ਆਤਮ-ਵਿਸ਼ਵਾਸ ਤੇ ਮਨੋਬਲ ਭਰਿਆ। ਜਿਸ ਐਸਾ ਅੰਮ੍ਰਿਤ ਚਖਿਆ, ਉਸ ਦੇ ਗਿਆਨ ਇੰਦ੍ਰਿਆਂ ਤੇ ਕਰਮ ਇੰਦ੍ਰਿਆਂ ਦੇ ਸੁਭਾਅ ਤੇ ਕਰਮ ਬਦਲ ਗਏ, ਪਾਂਚ ਪਲੀਤ ਪਰਬੋਧੇ ਗਏ। ਅਸੰਭਵ ਨੂੰ ਸੰਭਵ ਵਿਚ ਬਦਲਦਿਆਂ ਵੈਰੀਆਂ ਨੇ ਵੀ ਤੱਕਿਆ। ਅਨੇਕਾਂ ਚਕ੍ਰਿਤ ਕਰਨ ਵਾਲੀਆਂ ਘਟਨਾਵਾਂ ਵਾਪਰੀਆਂ।

ਇਕ ਹੋਰ ਮਹਾਨ ਦੇਣ, ਖਾਲਸੇ ਨੂੰ ਜਗਤ-ਜੂਠ ਤਮਾਕੂ ਦੇ ਸੇਵਨ ਤੋਂ ਬਚਾਉਣਾ ਹੈ। ਐਸੀ ਦੁਰਗੰਧ ਦੀ ਹਨੇਰੀ ਚਲੀ ਕਿ ਸਾਰਾ ਸੰਸਾਰ ਇਸ ਨਾਮੁਰਾਦ ਗੰਦੀ ਵਾਸ਼ਨਾ ਦੀ ਭੈੜੀ ਵਾਦੀ ਤੋਂ ਛੁਟਕਾਰਾ ਨਹੀਂ ਪਾ ਸਕਿਆ। ਬਦਬੂ ਖ਼ੂਨ ਵਿਚ ਏਨੀ ਰਚ ਗਈ ਹੈ ਕਿ ਡਾਕਟਰਾਂ, ਵੈਦਾਂ ਦੇ ਮਸ਼ਵਰੇ ਤੇ ਧਾਰਮਕ ਆਗੂਆਂ ਦੀਆਂ ਨਸੀਹਤਾਂ ਮਾਨੋ ਰਸਾਤਲ ਵਿਚ ਡਿੱਗ ਰਹੀਆਂ ਹਨ। ਕਿੰਨਾ ਵੱਡਾ ਅੰਤਰ ਨੂੰ ਦੋਨਾਂ ਦੇ ਸੇਵਨ ਦਾ! ਕਿਥੇ ਧੂਮਰ ਪਾਨ ਤੇ ਕਿਥੇ



www.AKJ.Org

ਅੰਮ੍ਰਿਤ ਪਾਨ ! ਇਕ ਸਰੀਰ ਨੂੰ ਰੋਗੀ, ਦੁਰਗੰਧਤ, ਆਲਸੀ, ਨਸ਼ਈ, ਨਿਕੰਮਾ, ਖ਼ੁਦਗਰਜ਼, ਢੀਠ ਤੇ ਨਿਰਲੱਜ ਬਣਾਂਦਾ ਹੈ ਤੇ ਦੂਸਰਾ (ਕੜਾਹ ਪ੍ਰਸ਼ਾਦ ਸਮੇਤ) ਸਰੀਰ ਨੂੰ ਰਿਸ਼ਟ ਪੁਸ਼ਟ, ਸੁੰਦਰ, ਸੁਡੌਲ, ਉੱਦਮੀ ਤੇ ਪਰਉਪਕਾਰੀ ਬਣਾਉਂਦਾ ਹੈ। ਇਹ ਹਕੀਕਤ ਹੈ, ਰੱਤੀ ਭਰ ਵੀ ਮੁਬਾਲਗਾ ਨਹੀਂ। ਭਾਰਤੀਆਂ ਲਈ ਤਮਾਕੂ ਦੀ ਆਰੰਭਤਾ, ਚਾਕਰੀ ਗ਼ੁਲਾਮੀ, ਨੌਕਰੀ ਤੇ ਪ੍ਰਾਧੀਨਤਾ ਤੋਂ ਹੋਈ। ਇਸ ਤੋਂ ਬਚਣਾ, ਗ਼ੈਰਤ, ਅਣਖ, ਆਜ਼ਾਦੀ ਤੇ ਪ੍ਰਭੂ-ਮਾਰਗ ਵਲ ਪਹਿਲਾ ਕਦਮ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਦਾ ਜ਼ਿਕਰ ਏਸੇ ਸੰਬੰਧ ਵਿਚ ਆਇਆ ਹੈ :

...ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ ॥
ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ ॥੧੩॥ [ਤਿਲੰਗ ਮਹਲਾ ੪, ਪੰਨਾ ੭੨੬

ਸਪਸ਼ਟ ਤੌਰ ਤੇ ਇਨ੍ਹਾਂ ਕੁਵਾਦੜੀਆਂ ਦਾ ਸੰਬੰਧ ਨਿਰਬਲਤਾ, ਲਾਚਾਰੀ, ਸਜ਼ਾ ਤੇ ਨਾਮ ਤੋਂ ਪਤਿਤ ਹੋਣ ਨਾਲ ਹੈ।

ਗੁਰੂ ਕਲਗੀਧਰ ਜੀ ਨੇ 'ਜਾਪੁ ਸਾਹਿਬ' ਵਿਚ ਅਕਾਲ ਪੁਰਖ ਨੂੰ 'ਅਮਿਤੋ ਸੁਬਾਸ ਹੈਂ', ਕਹਿ ਕੇ ਸੁੱਚੀ ਵਿਚਾਰਧਾਰਾ ਬਖ਼ਸ਼ੀ ਤੇ ਸੰਕੇਤ ਦਿੱਤਾ ਕਿ ਜਿਹੜਾ ਅਕਾਲ ਪੁਰਖ ਸਵੈ ਅਮਿੱਤ ਖ਼ੁਸ਼ਬੂ ਵਾਲਾ ਹੈ, ਉਸ ਦੀ ਲੱਖਤਾ ਧੂਮਰ-ਪਾਨ ਤੇ ਸੁਲਫ਼ਾ ਗ੍ਰਹਿਣ ਕਰਨ ਵਾਲੇ ਸਾਧੂਆਂ ਦੁਆਰਾ ਨਹੀਂ ਹੋ ਸਕਦੀ। ਜੇ ਉਹ ਕਹਿੰਦੇ ਹਨ ਤਾਂ ਡੀਂਗਾਂ ਮਾਰਦੇ ਹਨ, ਜੇ ਦਰਸ਼ਨ ਦਾ ਦਾਅਵਾ ਕਰਦੇ ਹਨ ਤਾਂ ਉਹ ਵਾਸਤਵ ਵਿਚ ਭੂਤਾਂ ਪ੍ਰੇਤਾਂ ਦਾ ਹੀ ਰੂਪ ਤੱਕਦੇ ਹਨ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਦਾ ਆਪਣੇ ਵਿਦਿਆਰਥੀ ਜੀਵਨ ਵਿਚ ਇਕ ਕਰਾਮਾਤੀ ਸਾਧੂ ਦੁਆਰਾ ਖਿੱਚਿਆ ਜਾਣਾ, ਕੀਲਿਆ ਜਾਣਾ, ਪਰ ਸੁਲਫ਼ੇ ਦਾ ਕਸ਼ ਲਾਉਂਦਿਆਂ ਤੱਕ ਕੇ ਠੁਕਰਾਉਣਾ, ਚਿੱਟੇ ਸਫ਼ੈਦ ਬਾਣੇ ਵਿਚ ਗੁਰਸਿਖ ਤੋਂ ਅਸ਼ੀਰਵਾਦ ਤੇ ਬਖ਼ਸ਼ਸ਼ ਪ੍ਰਾਪਤ ਕਰਨੀ, ਆਦਿ ਘਟਨਾਵਾਂ ਧੂਮਰਪਾਨ ਕਰਨ ਵਾਲਿਆਂ ਦੇ ਬਖੀਏ ਉਧੇੜਦੀਆਂ ਹਨ।

ਵੈਸਾਖੀ ਦੇ ਪੁਰਬ ਨੂੰ ਚਾਰ ਚੰਦ ਲਾਉਂਦਿਆਂ ਦਸਮੇਸ਼ ਪਿਤਾ ਜੀ ਨੇ ਗੁਰਮੰਤਰ ਦੇਣ ਦੀ ਜਿਹੜੀ ਜੁਗਤੀ ਅਪਣਾਈ, ਉਸ ਨੇ ਅਧਿਆਤਮਕ ਤੇ ਰਾਜਸੀ ਖੇਤਰ ਵਿਚ ਕਰਾਮਾਤੀ ਇਨਕਲਾਬ ਲਿਆਂਦਾ। ਨਿਰਬਲਤਾ, ਮਨਮੁੱਖਤਾਈ ਤੇ ਦੁਰਗੰਧੀ ਦਾ ਨਿਵਾਰਨ ਕਰ ਕੇ ਹਜ਼ੂਰ ਨੇ ਸ਼ਕਤੀ,ਭਗਤੀ ਤੇ ਸੁਗੰਧੀ ਦਾ ਮੁਜੱਸਮਾ ਉਜਾਗਰ ਕੀਤਾ। ਨਿੱਜੀ ਤੇ ਖ਼ਾਸ ਰੂਪ ਹੋਣ ਕਰਕੇ ਇਸ ਦਾ ਨਾਮ ਖਾਲਸਾ ਰਖਿਆ ਗਿਆ। ਕਿਉਂਕਿ ਇਹ ਮਿਲਾਵਟ-ਰਹਿਤ ਤੇ ਸ਼ੁੱਧ ਹੈ, ਇਸ ਵਿਚ ਦੇਵੀ ਦੇਵਤਿਆਂ, ਮੜ੍ਹੀਆਂ ਮਸਾਣਾਂ ਤੇ ਸ਼ਖਸੀ ਪੂਜਾ ਦੀ ਬਿਲਕੁਲ ਥਾਂ ਨਹੀਂ ਹੈ।

ਗੁਰੂ ਨਾਨਕ ਦੇਵ ਜੀ ਦੀ ਬਹੁ-ਰੰਗੀ ਫੁਲਵਾੜੀ, ਫੁੱਲਾਂ ਦੇ ਸਿਰਤਾਜ, ਗੁਲਾਬ ਦੇ ਫੁੱਲ ਨਾਲ ਸਸ਼ੋਭਤ ਹੈ। ਇਸ ਵਿਚ ਚੰਬੇਲੀ ਦੀ ਪਾਕੀਜ਼ਗੀ, ਸੁੰਦਰਤਾ, ਸ਼ਰਾਫ਼ਤ ਤੇ ਖ਼ੁਸ਼ਬੂ ਤਾਂ ਹੈ ਪਰ ਕਮਜ਼ੋਰੀ, ਬੇਬਸੀ ਤੇ ਲਾਚਾਰੀ ਨਹੀਂ। ਇਸ ਦਾ ਕੰਡਾ ਕਾਲ ਕੰਟਕ ਹੈ, ਅਤਿਆਚਾਰੀ ਨਹੀਂ। ਗਰੀਬ-ਮਾਰ ਨਹੀਂ ਕਰਦਾ, ਪਰ ਲੋੜ ਵੇਲੇ ਜ਼ਾਲਮ ਦੇ ਦੰਦ ਖੱਟੇ ਕਰਨੇ ਜਾਣਦਾ ਹੈ। ਇਹ ਚਮਨ ਦੀ ਸ਼ਾਨ ਹੈ ਤੇ ਸਭ ਫੁੱਲਾਂ ਨੂੰ ਇਸ ਤੇ ਨਾਜ਼ ਹੈ।

ਖਾਲਸਾ ਗੁਣਾਂ ਦਾ ਵਾਸੁਲਾ ਹੈ, ਟਹਿਕ ਤੇ ਮਹਿਕ ਦਾ ਸੁੰਦਰ ਸੁਮੇਲ ਹੈ। ਬਿੱਖ ਨੂੰ ਅੰਮ੍ਰਿਤ ਵਿਚ ਤੇ ਅੱਕ ਨੂੰ ਪਰਮਲ ਵਿਚ ਪਰਿਵਰਤਨ ਕਰਨ ਵਾਲਾ, ਬਾਗ ਦਾ ਮਾਲੀ, ਕਲਗੀ ਵਾਲਾ ਆਪ ਚੰਦਨ ਸਮਾਨ ਹੈ, ਜਿਸ ਦੇ ਚਰਨ ਕੰਵਲਾਂ ਦੀ ਪਾਵਨ ਛੁਹ ਨੇ ਸਾਰੀ ਬਨਾਸਪਤੀ ਨੂੰ ਨਾਮ-ਸੁਗੰਧੀ ਨਾਲ ਮੁਅੱਤਰ ਕੀਤਾ ਹੋਇਆ ਹੈ। ਪਾਵਨ ਹੁਕਮ ਹੈ :

ਰਤਾ ਸਚਿ ਨਾਮਿ ਤਲਹੀਅਲੁ ਸੋ ਗੁਰੁ ਪਰਮਲੁ ਕਹੀਐ ॥
ਜਾ ਕੀ ਵਾਸੁ ਬਨਾਸਪਤਿ ਸਉਰੈ ਤਾਸੁ ਚਰਣ ਲਿਵ ਰਹੀਐ ॥੩॥...
[ਪ੍ਰਭਾਤੀ ਮਹਲਾ ੧, ਪੰਨਾ ੧੩੨੮-੨੯

ਗੁਰ-ਇਤਿਹਾਸ ਸ਼ਾਹਦੀ ਭਰਦਾ ਹੈ ਕਿ ਭਾਰਤ ਦੀ ਧਰਤੀ ਦਾ ਜਿਹੜਾ ਟੁਕੜਾ ਵੀ, ਆਪ ਦੇ ਚਰਨ ਕੰਵਲਾਂ ਨੇ ਪਰਸਿਆ, ਉਹ ਹਰਿ-ਨਾਮ ਸੁਗੰਧੀ ਨਾਲ ਮਉਲ ਉਠਿਆ। ਅਨੰਦਪੁਰ ਸਾਹਿਬ ਤੋਂ ਦੂਰ ਦੁਰਾਡੇ ਪਾਉਂਟਾ

# ਪੰਜ ਪਿਆਰੇ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਗੁਰੂ ਘਰ ਵਿਚ ਸ਼ੁਰੂ ਤੋਂ ਹੀ ਪੰਜ ਗੁਰਮੁਖਾਂ ਦੀ ਪ੍ਰਧਾਨਤਾ ਚਲੀ ਆਈ ਹੈ।[1] ਭਾਈ ਗੁਰਦਾਸ ਜੀ ਨੇ ਇਸ ਦੀ ਸ਼ਾਹਦੀ ਭਰੀ ਹੈ :

ਪੰਜ ਮਿਲੇ ਪਰਪੰਚ ਤਜਿ ਅਨਹਦ ਸਬਦ ਸਬਦ ਲਿਵ ਲਾਈ ॥
ਸਾਧ ਸੰਗਤਿ ਸੋਹਨਿ ਗੁਰ ਭਾਈ ॥ —ਵਾਰ ੨੯-੬

ਪੁਨਾ : ਸਬਦ ਸੁਰਤ ਲਿਵ ਗੁਰੁ ਸਿਖ ਸੰਧਿ ਮਿਲੇ ਪੰਚ ਪਰਪੰਚ ਮਿਟੇ ਪੰਚ ਪਰਧਾਨੇ ਹੈਂ ॥ —ਕਬਿਤ,੨੯

ਭਾਈ ਸੰਤੋਖ ਸਿੰਘ ਜੀ ਭੀ ਇਸੇ ਮਰਯਾਦਾ ਦੀ ਸਾਖੀ ਦੇਂਦੇ ਹਨ :

ਗੁਰ ਘਰ ਕੀ ਮਰਜਾਦਾ ਪੰਚਹੁ ॥ —ਗੁਰ ਪ੍ਰਤਾਪ ਸੂਰਜ ੬-੪੧

ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਪੰਜ ਪਿਆਰੇ ਚੁਣੇ ਜਾਂਦੇ ਦੱਸੀਦੇ ਹਨ[2]। ਪਰ ਇਤਿਹਾਸ ਨੇ ਇਹਨਾਂ ਸਭਨਾਂ ਦੇ ਨਾਮ ਨਹੀਂ ਸਾਂਭੇ। ਥੋੜੇ ਜਹੇ ਨਾਮ ਦਿੱਤੇ ਹੀ ਮਿਲਦੇ ਹਨ। ਗੁਰੂ ਅਰਜਨ ਦੇਵ ਜੀ ਦੇ ਪੰਜ ਪਿਆਰੇ ਸਨ : ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹ, ਭਾਈ ਪਿਰਾਣਾ ਤੇ ਭਾਈ ਪੈੜਾ। ਗੁਰੂ ਤੇਗ ਬਹਾਦਰ ਜੀ ਦੇ ਪੰਜ ਪਿਆਰੇ ਸਨ : ਭਾਈ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦਾ ਤੇ ਭਾਈ ਜੈਤਾ।[2]

ਅਰਦਾਸ ਵਿਚ ਜਿਨ੍ਹਾਂ ਪੰਜਾਂ ਪਿਆਰਿਆਂ ਨੂੰ ਉਚੇਚਾ ਯਾਦ ਕੀਤਾ ਜਾਂਦਾ ਹੈ, ਉਹ ਗੁਰੂ ਗੋਬਿੰਦ ਜੀ ਦੇ ਪੰਜ ਪਿਆਰੇ ਸਨ। ਇਹਨਾਂ ਦੀ ਮਹੱਤਾ ਇਸ ਲਈ ਵਡੀ ਹੈ ਕਿਉਂ ਕਿ ਇਹਨਾਂ ਆਤਮ ਬਲੀਦਾਨ ਰਾਹੀਂ ਇਹ ਪਦਵੀ ਪ੍ਰਾਪਤ ਕੀਤੀ।

ਬਿਕਰਮੀ ਸੰਮਤ 1756 ਦੀ ਪਹਿਲੀ ਵਿਸਾਖ ਅਥਵਾ 30 ਮਾਰਚ 1699 ਈਸਵੀ ਦੇ ਦਿਨ ਅਨੰਦਪੁਰ ਵਿਚ, ਜਿਥੇ ਅੱਜ ਕਲ੍ਹ ਕੇਸਗੜ੍ਹ ਸਾਹਿਬ ਦਾ ਤਖਤ ਸੁਸ਼ੋਭਿਤ ਹੈ, ਉਥੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਸਿੱਖਾਂ ਦਾ ਇਕ ਮਹਾਨ ਇਕੱਠ ਹੋਇਆ। ਦੂਰ ਨੇੜਿਓਂ ਹਰ ਥਾਂ ਦੀਆਂ ਸੰਗਤਾਂ ਨੂੰ ਉਥੇ ਪੁੱਜਣ ਦਾ ਉਚੇਚਾ ਸੱਦਾ ਦਿੱਤਾ ਗਿਆ ਸੀ। ਕੋਈ ਅੱਸੀ ਹਜ਼ਾਰ ਦੀ ਹਾਜ਼ਰੀ ਉਸ ਵਿਚ ਇਤਿਹਾਸਕਾਰਾਂ ਨੇ ਲਿਖੀ ਹੈ। ਜਦੋਂ ਦੀਵਾਨ ਪੂਰੀ ਗਹਿਮਾ ਗਹਿਮ ਤੇ ਸੀ ਤਾਂ ਦਾਤਾਰ ਪਾਤਸ਼ਾਹ ਦਸਮੇਸ਼ ਗੁਰੂ ਆਪਣੇ ਅਦਭੁਤ ਰੱਬੀ ਜਲਾਲ ਨਾਲ ਦੀਵਾਨ ਵਿਚ ਆਏ ਤੇ ਇਸ ਮੌਕੇ ਲਈ ਪਹਿਲਾਂ ਤੋਂ ਸਜਾਏ ਗਏ ਇਕ ਮਰਮਰੀ ਚਬੂਤਰੇ ਉਪਰ ਖਲੋ ਗਏ। ਉਹਨਾਂ ਸੰਗਤ ਨੂੰ ਇਕ ਨਵੀਂ ਅਪਣੱਤ ਨਾਲ ਵੇਖਿਆ। ਫਿਰ ਆਪਣੀ ਮਿਆਨ ਵਿਚੋਂ ਤੇਗ ਨੂੰ ਖਿਚਿਆ, ਤੇ ਉਤਾਂਹ ਉਠਾ ਕੇ ਅਤਿ ਗੰਭੀਰ ਤੇ ਬੁਲੰਦ ਸੁਰ ਵਿਚ ਆਖਿਆ, "ਅੱਜ ਮੈਨੂੰ ਇਕ ਸਿਰ ਦੀ ਲੋੜ ਹੈ। ਮੇਰਾ ਕੋਈ ਪਿਆਰਾ ਸਿੱਖ ਅੱਗੇ ਆਵੇ।"

੧. ਗੁਰਮਤਿ ਪੰਚ ਸਖੇ ਗੁਰਭਾਈ। —ਮਾਰੂ ਸੋਲਹੇ ਮ: ੧ (1041/8)

੨. ਭਾਈ ਕਾਨ੍ਹ ਸਿੰਘ : ਗੁਰਮਤ ਮਾਰਤੰਡ ਭਾਗ ੨, ਪੰਨਾ ੬੯੨, ਅੰਮ੍ਰਿਤਸਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 1962,

---

ਸਾਹਿਬ ਦੇ ਪਹਾੜੀ ਇਲਾਕੇ ਨੂੰ ਸੰਤ-ਸਿਪਾਹੀਆਂ, ਯੋਧਿਆਂ, ਜੁਝਾਰੂਆਂ ਦੇ ਇਲਾਵਾ ਬਵੰਜਾ ਕਵੀਆਂ ਦੇ ਗੁਲਦਸਤੇ ਦੀ ਸੇਵਾ ਕਰਨ ਦਾ ਮਾਣ ਪ੍ਰਾਪਤ ਹੋਇਆ।

ਫੁੱਲਾਂ ਦੀ ਰਸ-ਭਿੰਨੀ ਖ਼ੁਸ਼ਬੂ, ਸੁੰਦਰਤਾ ਤੇ ਖੇੜਾ ਪੌਦੇ ਨਾਲ ਜੁੜਨ ਕਰਕੇ ਹੈ। ਮੂਲ-ਸ਼ਕਤੀ ਤੋਂ ਟੁੱਟਣ ਵਾਲਾ ਫੁੱਲ ਕੁਮਲਾ ਕੇ ਕਰੂਪ ਬਣ ਜਾਂਦਾ ਹੈ। ਇਹੋ ਹਾਲ ਖਾਲਸੇ ਦਾ ਹੈ। ਇਸ ਦਾ ਤੇਜ ਪ੍ਰਤਾਪ, ਐਸ਼ਵਰਜ ਤੇ ਬਲ ਗੁਰਦੇਵ ਦੇ ਚਰਨ ਕਮਲਾਂ ਨਾਲ ਇੱਕ-ਮਿੱਕ ਹੋਣ ਕਰਕੇ ਹੈ। ਇਸ ਦੀ ਆਭਾ ਤੇ ਮੁਸਕ੍ਰਾਹਟ ਦਾ ਸੋਮਾ ਖੰਡੇ ਦਾ ਅੰਮ੍ਰਿਤ ਹੈ। ਬੇਅੰਮ੍ਰਿਤੀਆ, ਨਿਗੁਰਾ ਪੁਰਸ਼, ਖ਼ੁਸ਼ਬੂ ਬਿਨਾ ਕਾਗਜ਼ ਦਾ ਫੁੱਲ ਹੈ ਤੇ ਇਸ ਦਾ ਬਾਣਾ ਖੋਤੇ ਉੱਤੇ ਪਾਈ ਸ਼ੇਰ ਦੀ ਖੱਲ ਸਮਾਨ ਹੈ।



www.AKJ.Org

ਸੰਗਤਾਂ ਵਿਚ ਇਕ ਡੂੰਘੀ ਚੁੱਪ ਵਾਪਰ ਗਈ।

'ਨਿਰਭਉ ਨਿਰੰਕਾਰ' ਦੇ ਉਪਾਸ਼ਕਾਂ ਦੀ ਨਿਰਭੈਤਾ ਦੀ ਅਜ਼ਮਾਇਸ਼ ਦਾ ਸਮਾਂ ਆ ਗਿਆ ਜਾਪਦਾ ਸੀ। ਇਹ ਕਿਸੇ ਵਡੇ ਇਤਿਹਾਸਕ ਅਉਸਰ ਦਾ ਛਿਨ ਸੀ, ਜਿਸ ਲਈ ਪੂਰੀ ਕੌਮ ਦੋ ਸਦੀਆਂ ਤੋਂ ਤਿਆਰੀ ਕਰ ਰਹੀ ਸੀ। ਗੁਰਮੁਖ ਸੂਰਮਗਤੀ ਦੀ, ਅੱਜ ਵਦਾਨ ਉਪਰ ਪਰਖ ਹੋਣ ਲਗੀ ਸੀ। ਮਰਜੀਵੜਿਆਂ ਦੀ ਕੌਮ ਦੀ ਸਾਜਨਾ ਲਈ ਦਸਮ ਪਾਤਸ਼ਾਹ ਨੇ ਮਰਨ-ਛਿਨ ਦਾ ਇਹ ਅਉਸਰ ਰੱਚ ਧਰਿਆ ਸੀ। ਜਿਸ ਨੇ ਗੁਰੂ-ਬ੍ਰਹਮ ਨਾਲ ਅਭੇਦ ਹੋਣਾ ਹੈ, 'ਪਹਿਲਾਂ ਮਰਣੁ ਕਬੂਲਿ'[1] ਦੀ ਸ਼ਰਤ ਉਸਨੂੰ ਨਿਭਾਉਣੀ ਲਾਜ਼ਮ ਸੀ। ਅੱਜ ਇਸ ਸ਼ਰਤ ਦੇ ਪੂਰਿਆਂ ਕੀਤੇ ਜਾਣ ਦੀ ਮੰਗ ਕੀਤੀ ਗਈ ਸੀ। ਸਤਿਗੁਰਾਂ ਦੀ ਅਪਾਰ ਬਖਸ਼ਿਸ਼ ਅੱਜ ਤੇਗ ਦੀ ਧਾਰ ਰਾਹੀਂ ਨਸੀਬ ਹੋਣੀ ਸੀ। ਇਹ ਕੇਵਲ ਉਸੇ ਦੇ ਹਿੱਸੇ ਆ ਸਕਦੀ ਸੀ ਜੋ ਸਿਰ ਤਲੀ ਤੇ ਧਰ ਕੇ ਅੱਗੇ ਨਿਤਰ ਸਕੇ। ਸਿਰ ਦਾ ਭਾਰ ਲਾਹ ਕੇ ਹੀ ਇਸ ਬਖਸ਼ਿਸ਼ ਦਾ ਭਾਰ ਉਠਾਇਆ ਜਾ ਸਕਦਾ ਸੀ।

ਭਰੀ ਸੰਗਤ 'ਚੋਂ ਉਠਣਾ ਉਨ੍ਹਾਂ ਹੀ ਸੀ ਜੋ ਆਪਣੀ ਜਾਨ ਨੂੰ ਠੀਕਰਾ ਤੇ ਗੁਰੂ ਦੀ ਖੁਸ਼ੀ ਨੂੰ ਆਪਣਾ ਸੰਸਾਰ ਸਮਝਦੇ ਹੋਣ। ਉਹ ਉੱਠ। ਵਾਰੀ ਵਾਰੀ ਪੰਜ[2]। ਪੰਚ ਪਰਵਾਨ ! ਤੇ ਪਰਵਾਨ ਹੋ ਗਏ। ਪਰਵਾਨ ਚੜ੍ਹ ਗਏ। ਆਤਮ-ਸਮਰਪਨ ਨਾਲ ਆਤਮਕ ਉਰਿਆਈ ਦੀ ਸਿਖਰ ਤੇ ਜਾ ਬੈਠੇ। ਨਿਰੇ ਗੁਰੂ ਦੇ ਹੋ ਗਏ–ਗੁਰੂ ਦੇ 'ਪਿਆਰੇ।' ਗੁਰੂ ਨੇ ਛਾਤੀ ਨਾਲ ਲਾ ਕੇ ਆਤਮ-ਸਮਰਪਨ ਅੰਗੀਕਾਰ ਕਰ ਲਿਆ ਤੇ ਆਪਣੇ 'ਪਿਆਰਿਆਂ' ਦਾ ਖਿਤਾਬ ਦੇ ਦਿੱਤਾ।

ਪਹਿਲੇ ਗੁਰੂ ਸਾਹਿਬਾਂ ਵਲੋਂ ਪਿਆਰੇ ਉਨ੍ਹਾਂ ਦੀ ਭਗਤੀ ਦੇ ਆਧਾਰ ਤੇ ਚੁਣੇ ਜਾਂਦੇ ਸਨ। ਇਸ ਵਾਰ ਸਤਿਗੁਰਾਂ ਭਗਤੀ-ਸ਼ਕਤੀ ਦੀ ਮਿਲਵੀਂ ਜੁਗਤ ਨਾਲ ਚੁਣੇ। ਇਹ ਚੋਣ ਲੋਕ-ਮੱਤ ਨਾਲ ਨਹੀਂ ਸੀ ਹੋਈ, ਤਲਵਾਰ ਦੀ ਧਾਰ ਨਾਲ ਹੋਈ ਸੀ।[3] ਇਹਨਾਂ ਪੰਜ ਪਿਆਰਿਆਂ ਨੂੰ ਸਾਹਿਬਾਂ ਨਵੀਂ ਸੂਰਤ ਦਿੱਤੀ। ਫਿਰ ਆਪਣੇ ਨਾਲ ਚਬੂਤਰੇ ਤੇ ਖੜਾ ਕਰ ਕੇ ਸੰਗਤ ਨੂੰ ਸੰਬੋਧਨ ਕੀਤਾ, "ਖਾਲਸਾ ਜੀ ! ਇਹ ਮੇਰੇ ਪੰਜ ਪਿਆਰੇ ਹਨ–ਮੈਨੂੰ ਸਭ ਤੋਂ ਵੱਧ ਪਿਆਰੇ ਹਨ।"

ਤਦ ਸਤਿਗੁਰਾਂ ਫ਼ੌਲਾਦ ਦੇ ਬਾਟੇ ਵਿਚ ਅੰਮ੍ਰਿਤ ਤਿਆਰ ਕੀਤਾ। ਪੰਜਾਂ ਬਾਣੀਆਂ[4] ਦਾ ਪਾਠ ਬੀਰ-ਆਸਣ ਵਿਚ ਕਰਦਿਆਂ ਚਮਕਦਾ ਖੰਡਾ ਬਾਟੇ ਵਿਚਲੇ ਜਲ ਵਿਚ ਫੇਰੀ ਗਏ। ਮਾਤਾ ਜੀ ਨੇ ਆਪਣੀ ਨਿਰਮਲ-ਰੂਹ ਦੀ ਅਪਾਰ ਮਿਹਰਾਮਤ ਵਿਚ ਆ ਕੇ ਉਸ ਜਲ ਵਿਚ ਪਤਾਸੇ ਪਾ ਦਿੱਤੇ ਸਨ। ਅੰਮ੍ਰਿਤ ਤਿਆਰ ਹੋ ਗਿਆ। ਹਜ਼ੂਰ ਨੇ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ੀ। ਫਿਰ ਸੰਗਤ ਨੂੰ ਮੁਖਾਤਬ ਹੋ ਬੋਲੇ, "ਖ਼ਾਲਸਾ ਜੀ, ਇਹ ਪੰਜ ਪਿਆਰੇ, ਹੁਣ ਗੁਰੂ ਰੂਪ ਹੋ ਗਏ ਹਨ। ਮੈਂ ਇਹਨਾਂ ਅੱਗੇ ਅੰਮ੍ਰਿਤ ਦੀ ਦਾਤ ਦੀ ਯਾਚਨਾ ਕਰਦਾ ਹਾਂ !" ਪੰਜਾਂ ਪਿਆਰਿਆਂ ਨੇ ਅੰਮ੍ਰਿਤ ਤਿਆਰ ਕੀਤਾ ਤੇ ਹਜ਼ੂਰ ਨੇ ਸਰਬੱਤ ਸੰਗਤ ਦੇ ਸਾਹਵੇਂ ਉਹਨਾਂ ਪਿਆਰਿਆਂ ਦੇ ਹੱਥੋਂ ਅੰਮ੍ਰਿਤ-ਪਾਨ ਕੀਤਾ।

ਜੋ ਸਥਾਨ ਇਹਨਾਂ ਪੰਜਾਂ ਪਿਆਰਿਆਂ ਨੂੰ ਹਜ਼ੂਰ ਨੇ ਬਖ਼ਸ਼ਿਆ ਉਸ ਦਾ ਵਰਣਨ ਕਰਦਿਆਂ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ :

ਸਿਖ ਪੰਚਨ ਮਹਿ ਮੇਰੋ ਬਾਸਾ ॥ ਪੂਰਨ ਕਰੋਂ ਧਰਹਿ ਜੋ ਆਸਾ ॥ –ਗੁਰ ਪ੍ਰਤਾਪ ਸੂਰਜ ੨ : ੨੩

ਇਸ ਤੋਂ ਇਲਾਵਾ ਪੰਜ-ਪਿਆਰੇ ਉਹਨਾਂ ਗੁਰਮੁਖਾਂ ਨੂੰ ਵੀ ਕਿਹਾ ਗਿਆ ਹੈ, ਜਿਨ੍ਹਾਂ ਨੂੰ ਕਲਗੀਧਰ ਪਾਤਸ਼ਾਹ ਨੇ ਚਮਕੌਰ ਦੀ ਗੜ੍ਹੀ ਛੱਡਣ ਲਗਿਆਂ ਆਪਣੇ ਸ਼ਸ਼ਤ੍ਰ ਤੇ ਕਲਗੀ ਦੇ ਕੇ ਤੇ ਉਹਨਾਂ ਦੀ ਪਰਿਕਰਮਾ ਕਰ ਕ

---

੧. ਮਾਰੂ ਵਾਰ ਮ: ੫, ਸਲੋਕ ਮ: ੫ (1102/10)

੨. ਇਹ ਪੰਜ ਪਿਆਰੇ ਸਨ : ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਹਿੰਮਤ ਸਿੰਘ, ਭਾਈ ਸਾਹਿਬ ਸਿੰਘ ਤੇ ਭਾਈ ਮੁਹਕਮ ਸਿੰਘ।

੩. ਲੋਕ-ਮੱਤ ਨਾਲ ਤਾਂ ਕਮਜ਼ੋਰ ਹੀ ਅੱਗੇ ਆਉਂਦੇ ਹਨ। ਬਹੁ-ਮਤ ਕਮਜ਼ੋਰਾਂ ਦਾ ਹੀ ਹੁੰਦਾ ਹੈ। ਧਾਰਮਕ ਆਗੂ ਬਹੁ-ਮਤ ਨਾਲ ਨਹੀਂ, ਕਰੜੀ ਅਜ਼ਮਾਇਸ਼ ਨਾਲ ਹੀ ਚੁਣੇ ਜਾਣੇ ਚਾਹੀਦੇ ਹਨ।

੪. ਜਪੁ ਜੀ, ਜਾਪੁ ਸਾਹਿਬ, ਤ੍ਵ ਪ੍ਰਸਾਦਿ ਸਵਈਏ, ਚੌਪਈ ਤੇ ਅਨੰਦੁ ਸਾਹਿਬ।



www.AKJ.Org

ਗੁਰਤਾ ਪ੍ਰਦਾਨ ਕੀਤੀ ।[੧]

ਪੰਜ ਪਿਆਰੇ ਭਾਵੇਂ ਅਨੰਦਪੁਰ ਸਾਹਿਬ ਵਾਲੇ ਮੰਨੀਏ, ਭਾਵੇ ਚਮਕੌਰ ਸਾਹਿਬ ਵਾਲੇ ਤੇ ਭਾਵੇਂ ਦੋਹਾਂ ਥਾਵਾਂ ਦੇ, ਇਹਨਾਂ ਨਾਲ ਇਕ ਅਦੁੱਤੀ ਪਰੰਪਰਾ ਅਰੰਭ ਹੁੰਦੀ ਹੈ। ਇਸ ਪਰੰਪਰਾ ਨਾਲ ਕੁਝ ਸਿੱਧਾਂਤਕ ਸਥਾਪਤੀਆਂ ਨਿਸ਼ਚਤ ਹੋਂਦੀਆਂ ਹਨ। ਪਹਿਲੀ ਇਹ ਕਿ ਨਾਨਕ-ਕਾਲ ਤੋਂ ਤੁਰੀ ਆਉਂਦੀ "ਪੰਜ-ਪਿਆਰਿਆਂ' ਦੀ ਸੰਸਥਾ ਵਿਚ ਇਕ ਵਿਸ਼ੇਸ਼ ਪਰਿਵਰਤਨ ਆ ਗਿਆ। ਇਸ ਤੋਂ ਪਹਿਲਾਂ, 'ਪਿਆਰੇ' ਸਤਿਗੁਰਾਂ ਦੇ ਸਲਾਹਕਾਰ ਹੋਂਦੇ ਸਨ। ਭਾਵੇਂ ਸਤਿਗੁਰੂ ਜੀ ਸੰਗਤ ਦੀ ਇੱਛਾ ਕਦੇ ਨਹੀਂ ਸਨ ਟਾਲਦੇ, ਪਰ 'ਪਿਆਰੇ' ਕੇਵਲ ਸਲਾਹਕਾਰ ਹੋਣ ਦਾ ਕਰਤੱਵ ਹੀ ਪਾਲਦੇ ਸਨ, ਗੁਰੂ ਨੂੰ ਹੁਕਮ ਦੇਣ ਦੇ ਸਮਰੱਥ ਨਹੀਂ ਸਨ ਮੰਨੇ ਜਾਂਦੇ। ਗੁਰੂ ਗੋਬਿੰਦ ਸਿੰਘ ਜੀ ਨੇ ਪਰਿਵਰਤਨ ਇਹ ਲਿਆਂਦਾ ਕਿ ਪੰਜ ਪਿਆਰੇ ਨਾ ਕੇਵਲ ਸਮੁੱਚੇ ਪੰਥ ਦੇ ਹੀ ਪ੍ਰਤਿਨਿਧ ਹੋ ਗਏ, ਸਗੋਂ ਆਪ ਗੁਰੂ-ਰੂਪ ਹੋ, ਸਤਿਗੁਰਾਂ ਨੂੰ ਹੁਕਮ ਦੇਣ ਦੇ ਸਮਰੱਥ ਵੀ ਹੋ ਗਏ।

ਇਤਿਹਾਸ ਵਿਚ ਇਸ ਗੱਲ ਦੇ ਕਾਫ਼ੀ ਸਬੂਤ ਮੌਜੂਦ ਹਨ ਕਿ ਪੰਜਾਂ ਪਿਆਰਿਆਂ ਨੇ "ਗੁਰੂ ਪੰਥ" ਦੇ ਪ੍ਰਤਿਨਿਧ ਹੋਣ ਦੀ ਹੈਸੀਅਤ ਵਿਚ ਇਸ ਹੱਕ ਦੀ ਲੋੜ ਅਨੁਸਾਰ ਵਰਤੋਂ ਵੀ ਕੀਤੀ।[੨]

ਦੂਜੇ, 'ਆਪੇ ਗੁਰ ਚੇਲਾ' ਦੀ ਪਰੰਪਰਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਇਕ ਨਵੀਂ ਸਿਖਰ ਤੇ ਪਹੁੰਚਾ ਦਿੱਤਾ। ਗੁਰੂ ਅੰਗਦ ਸਾਹਿਬ ਨੂੰ ਗੁਰਤਾ ਬਖਸ਼ਣ ਮਗਰੋਂ ਗੁਰੂ ਨਾਨਕ ਦੇਵ ਜੀ ਨੇ ਆਪਣੀ ਰਹਿੰਦੀ ਉਮਰ ਉਹਨਾਂ ਦੇ ਦਰਬਾਰ ਵਿਚ ਸੇਵਕ ਬਣ ਕੇ ਗੁਜ਼ਾਰੀ। ਇਉਂ ਉਹਨਾਂ 'ਆਪੇ ਗੁਰ ਚੇਲਾ' ਦੀ ਪ੍ਰਥਾ ਦਾ ਆਰੰਭ ਕੀਤਾ। ਪਰ, ਬਾਬੇ ਦੀ ਸਾਰੀ ਸਿੱਖੀ ਸੇਵਕੀ ਵਿਚੋਂ ਕੇਵਲ ਇਕ ਲਹਿਣਾ ਹੀ ਗੁਰੂ ਬਣ ਸਕਿਆ। ਗੁਰੂ ਗੋਬਿੰਦ ਸਿੰਘ ਜੀ ਨੇ ਪੰਜਾਂ ਪਿਆਰਿਆਂ ਨੂੰ ਸਮੁੱਚੇ ਪੰਥ ਦਾ ਪ੍ਰਤਿਨਿਧ ਪਰਵਾਨ ਕਰ, ਤੇ ਉਹਨਾਂ ਨੂੰ ਗੁਰਤਾ ਦੇ ਕੇ ਗੁਰਿਆਈ ਨੂੰ ਪੂਰੀ ਉੱਮਤ ਵਿਚ ਸੋਖ ਦਿੱਤਾ। ਇਉਂ ਗੁਰੂ ਕਾ ਪੰਥ ਆਪ 'ਗੁਰੂ ਪੰਥ' ਹੋ ਗਿਆ। ਪੂਰੀ ਉੱਮਤ ਨੂੰ ਤਿਲਕ ਲਗਾ ਕੇ ਸਤਿਗੁਰਾਂ ਨੇ ਸਮੂਹਕ ਅਧਿਆਤਮਕ ਚੇਤਨਾ ਦੀ ਸ੍ਰੇਸ਼ਟਤਾ ਸਥਾਪਨ ਕਰ ਦਿੱਤੀ।

ਇਸ ਨਾਲ ਪੰਥ ਭਵਿੱਖ-ਮੁਖੀ ਹੋ ਗਿਆ। ਆਪਣੇ ਮਾਮਲਿਆਂ ਲਈ ਉਸ ਨੂੰ ਭੂਤ ਪਾਸੋਂ ਅਗਵਾਈ ਲੈਣ ਦੀ ਲੋੜ ਨ ਰਹੀ। ਹੁਣ ਉਹ ਸਮੁੱਚੀ ਅਧਿਆਤਮਕ ਚੇਤਨਾ ਨੂੰ ਸੁਹਿਰਦਤਾ ਨਾਲ ਚੁਣੇ ਪੰਜ ਪਿਆਰਿਆਂ ਵਿਚ ਕੇਂਦ੍ਰਿਤ ਕਰ ਕੇ ਗੁਰ-ਸ਼ਬਦ ਦੀ ਤਾਬਿਆ ਰਹਿ ਕੇ, ਕੋਈ ਵੀ ਗੁਰਮਤਾ ਕਰ ਸਕਣ ਦੇ ਸਮਰੱਥ ਹੋ ਗਿਆ।

ਸੀਸ ਭੇਟ ਕਰਨ ਵਾਲੇ ਪੰਜਾਂ ਪਿਆਰਿਆਂ ਦੀ ਮਹੱਤਾ, ਸ਼ੁਰੂ ਤੋਂ ਹੀ ਵਡੀ ਥਾਪ ਦਿੱਤੀ ਗਈ ਸੀ। ਕਲਗੀਧਰ ਜੀ ਦੇ ਵੇਲੇ ਹੀ ਜਦੋਂ ਦੇਗ ਵਰਤਦੀ ਸੀ ਤਾਂ ਪਹਿਲੋਂ ਪੰਜਾਂ ਪਿਆਰਿਆਂ ਨੂੰ ਵਰਤਾ ਕੇ ਫਿਰ ਹੀ ਬਾਕੀ ਸੰਗਤ ਵਿਚ ਵਰਤਾਈ ਜਾਂਦੀ ਸੀ। ਇਹਨਾਂ ਪੰਜਾਂ ਪਿਆਰਿਆਂ ਦੀ ਸਤਿਕਾਰ ਯੋਗ ਸਿਮਰਿਤੀ ਨੂੰ ਅੱਜ ਵੀ ਕੇਵਲ ਅਰਦਾਸ ਵਿਚ ਹੀ ਨਹੀਂ, ਅਰਦਾਸ ਤੇ ਮਗਰੋਂ ਦੇਗ ਵਰਤਾਉਣ ਵੇਲੇ ਵੀ ਅਭਿਨੰਦਨ ਦਿਤਾ ਜਾਂਦਾ ਹੈ।[੩] [ਪੁਸਤਕ "ਅਰਦਾਸ" ਵਿਚੋਂ

੧. ਇਹ ਪਿਆਰੇ ਸਨ ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮਾਨ ਸਿੰਘ, ਭਾਈ ਸੰਗਤ ਸਿੰਘ ਤੇ ਭਾਈ ਸੰਤ ਸਿੰਘ।

੨. ਇਕ ਵਾਰ ਗੁਰੂ ਗੋਬਿੰਦ ਸਿੰਘ ਜੀ ਨੂੰ ਪੰਜਾਂ ਪਿਆਰਿਆਂ ਨੇ ਦਾਦੂ ਦੀ ਸਮਾਧ ਨੂੰ ਤੀਰ ਨਾਲ ਨਮਸਕਾਰ ਕਰਨ ਦੇ ਦੋਸ਼ ਕਾਰਨ 'ਗੁਰੂ ਖ਼ਾਲਸੇ' ਦੇ ਰੂਬਰੂ ਪੇਸ਼ ਹੋਣ ਦਾ ਆਦੇਸ਼ ਦਿੱਤਾ। ਪੇਸ਼ ਹੋਏ (ਗੁਰੂ) 'ਗੋਬਿੰਦ ਸਿੰਘ' ਨੂੰ ਦੋਸ਼ੀ ਠਹਿਰਾਇਆ ਗਿਆ ਤੇ ਤਨਖ਼ਾਹ ਲਾਈ ਗਈ, ਜੋ ਸਤਿਗੁਰਾਂ ਸ਼ੁਕਰਾਨੇ ਨਾਲ ਕਬੂਲ ਕੀਤੀ। (ਮੈਕਾਲਿਫ, ਸਿੱਖ ਰਿਲੀਜਨ V. 228

ਇਵੇਂ ਹੀ ਚਮਕੌਰ ਦੀ ਗੜ੍ਹੀ ਵਿਚ ਵੀ ਪੰਜਾਂ ਪਿਆਰਿਆਂ ਨੇ ਇਸ ਹੱਕ ਦੀ ਵਰਤੋਂ ਕੀਤੀ, ਜਦੋਂ ਉਹਨਾਂ ਦਸਮ ਪਾਤਸ਼ਾਹ ਨੂੰ ਕਿਹਾ, "ਗੋਬਿੰਦ ਸਿੰਘ ਜੀ, ਖ਼ਾਲਸੇ ਦਾ ਹੁਕਮ ਹੈ, ਤੁਸੀਂ ਸ਼ਹੀਦੀ ਨਹੀਂ ਪਾਓਗੇ।" ਤਦ ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਦੀਆਂ ਤਿੰਨ ਪਰਿਕਰਮਾਂ ਕੀਤੀਆਂ, ਆਪਣੀ ਕਲਗੀ ਤੇ ਸ਼ਸਤ੍ਰ ਉਹਨਾਂ ਨੂੰ ਭੇਟ ਕੀਤੇ ਤੇ ਕਿਹਾ, "ਮੈਂ ਸਰੀਰਕ ਰੂਪ ਵਿਚ ਤੁਹਾਨੂੰ ਗੁਰਿਆਈ ਦੇ ਰਿਹਾ ਹਾਂ।" ਫਿਰ 'ਗੁਰੂ ਖ਼ਾਲਸੇ' ਦਾ ਹੁਕਮ ਪਾਲ ਕੇ ਚਮਕੌਰ ਦੀ ਗੜ੍ਹੀ ਨੂੰ ਛੋੜ ਦਿੱਤਾ। (ਮੈਕਾਲਿਫ ਸਿਖ ਰਿਲੀਜਨ, V. 198

੩. ਸੰਗਤ ਵਿਚ ਅੱਜ ਵੀ ਦੇਗ ਕਿਰਪਾਨ ਭੇਟ ਕਰਨ ਉਪਰੰਤ ਪਹਿਲਾਂ ਉਸ ਵਿਚੋਂ, ਸਤਕਾਰ ਵਜੋਂ, ਪੰਜਾਂ ਪਿਆਰਿਆਂ ਦੇ ਨਾਮ ਦੀ ਕੱਢ ਕੇ, ਜਾਂ ਤਾਂ ਸੰਗਤ ਵਿਚ ਬਿਰਾਜੇ ਪੰਜ ਅੰਮ੍ਰਿਤਧਾਰੀ ਗੁਰਮੁਖਾਂ ਨੂੰ ਵਰਤਾਈ ਜਾਂਦੀ ਹੈ, ਜਾਂ ਦੁਬਾਰੇ ਸਾਰੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਨੂੰ ਵਰਤਾ ਦਿੱਤੀ ਜਾਂਦੀ ਹੈ।



www.AKJ.Org

# ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

[ਪ੍ਰੋਫੈਸਰ ਹਰਿਕ੍ਰਿਸ਼ਨ ਸਿੰਘ ਜੀ]

ਸਿੱਖੀ ਇਕ ਮਹਾਨ ਇਨਕਲਾਬ ਦਾ ਨਾਂ ਸੀ, ਪਰ ਉਹ ਇਨਕਲਾਬੀ ਨਾਮ ਦੇ ਰਸੀਏ ਸਨ।

ਸਿਖ ਤਾਂ ਹੀ ਮਹਾਨ ਹਨ, ਜੇ ਉਨ੍ਹਾਂ ਦੇ ਹਿਰਦੇ ਵਿਚ ਸਵਾਸ ਸਵਾਸ ਨਾਮ ਦੀ ਮਾਲਾ ਫਿਰਦੀ ਹੋਵੇ।

ਉਹ ਯੁਧ ਕਰਦੇ ਹਨ—ਪਛੜਿਆਂ ਦੀ ਰਾਖੀ ਹਿਤ। ਸਿੱਖਾਂ ਦੇ ਖੰਡੇ ਵਿਚੋਂ ਅੰਮ੍ਰਿਤ ਚੋਂਦਾ ਹੈ, ਕਿਉਂਕਿ ਜਦ ਬਾਟੇ ਦੇ ਜਲ ਵਿਚ ਖੰਡਾ ਫਿਰਦਾ ਹੈ ਤਾਂ ਨਾਲ ਨਾਲ ਮੁਖ ਤੋਂ, ਸਾਹ ਤੋਂ, ਧੁਰ ਅੰਦਰੋਂ, ਪੂਰੀ ਸ਼ਖ਼ਸੀਅਤ ਤੋਂ ਨਾਮ-ਅੰਮ੍ਰਿਤ ਭੀ ਵਰਸਦਾ ਹੈ। ਜਦ ਸਿਖ ਨੂੰ ਖੰਡੇ ਦੇ ਅੰਮ੍ਰਿਤ ਦੇ ਚੁਲੇ ਮਿਲਦੇ ਹਨ ਤਾਂ ਨਾਲ ਨਾਲ ਹੁਕਮ ਮਿਲਦਾ ਹੈ- ਬੋਲ : ਵਾਹਿਗੁਰੂ ਜੀ ਕਾ ਖਾਲਸਾ॥

ਵਾਹਿਗੁਰੂ ਜੀ ਕੀ ਫ਼ਤਿਹ॥

ਖਾਲਸੇ ਦੇ ਅੰਮ੍ਰਿਤ ਵਿਚ ਅੰਮ੍ਰਿਤ-ਬਾਣੀ ਤੇ ਪਤਾਸੇ ਘੁਲੇ ਹਨ ਤੇ ਸਿਖ ਮਿੱਠਾ ਬੋਲਦਾ ਹੈ, ਮਿੱਠਾ ਮਿੱਠਾ ਲਗਦਾ ਹੈ-ਡਰ ਕਾਰਨ ਨਹੀਂ, ਪਿਆਰ ਕਰਕੇ,ਸਤਿਕਾਰ ਕਾਰਨ। ਖਾਲਸੇ ਦੇ ਮੁਖ ਤੋਂ ਰੂਹਾਨੀ ਜਲਵਾ ਚਮਕਦਾ ਹੈ।

ਕਿਉਂਕਿ ਉਸ ਦੇ ਅੰਦਰ ਨਾਮ ਵਸਦਾ ਹੈ।

ਕਿਉਂਕਿ ਉਸ ਦੀ ਤੇਗ ਹੈ, ਢਾਲ—ਗਰੀਬ ਲਈ, ਕਮਜ਼ੋਰ ਲਈ, ਮਾੜੇ ਲਈ।

ਸਿਖ ਪੁਰਜ਼ਾ ਪੁਰਜ਼ਾ ਕਟ ਮਰਦਾ ਹੈ। ਪਰ—

ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ॥ (ਪੰਨਾ ੧੧੦੫)

ਕਿਡਾ ਦਿਲ ਹੈ, ਤੇਜ ਹੈ ਖ਼ਾਲਸੇ ਦਾ, ਨਿਆਰੇ ਖਾਲਸੇ ਦਾ।

ਫਟੜ ਵੀਰਾਂ ਦੀ ਸੇਵਾ ਕਰਦਾ ਹੈ, ਭਾਈ ਘਨੱਈਆ—

ਦੁਸ਼ਮਣ ਨੂੰ ਭੀ ਪਾਣੀ ਪਿਲਾਈ ਜਾਂਦਾ ਹੈ। ਗੁਰੂ ਜੀ ਹਸਦੇ, 'ਸ਼ਾਬਾਸ਼' ਕਹਿੰਦੇ ਹਨ। ਮਲ੍ਹਮ ਵੀ ਕੋਲੋਂ ਦੇਂਦੇ ਹਨ : "ਇਨਸਾਨ ਦੀ ਸੇਵਾ ਕਰੀ ਜਾ—ਦੋਸਤ ਦੀ, ਦੁਸ਼ਮਣ, ਦੀ ਸਿਖ ਦੀ, ਤੁਰਕ ਦੀ, ਜਰਨੈਲ ਦੀ, ਸਿਪਾਹੀ ਦੀ।"

"ਪਾਣੀ ਨਾਲ, ਮਲ੍ਹਮ ਨਾਲ, ਜਿਵਾਈ ਜਾ—ਦੋਸਤ ਨੂੰ, ਦੁਸ਼ਮਣ ਨੂੰ, ਸਿਖ ਨੂੰ, ਤੁਰਕ ਨੂੰ, ਜਰਨੈਲ ਨੂੰ, ਸਿਪਾਹੀ ਨੂੰ।"

ਭੂਗੋਲ ਅਜ ਲਾਵਾ-ਭਰਪੂਰ, ਅੱਗ-ਵਸਾਊ ਪਹਾੜ ਦੇ ਬਿਲਕੁਲ ਕੰਢੇ ਬੈਠਾ ਹੈ। ਤੇ ਪਤਾ ਨਹੀਂ, ਕਿਸ ਵੇਲੇ ਫੱਟ ਜਾਏ ਤੇ ਦੁਨੀਆ ਸਾਰੀ ਦਾ ਅੰਤ ਹੋ ਜਾਏ। ਜੇ ਕੋਈ ਬਚ ਨਿਕਲਿਆ ਤਾਂ ਧਰਮ ਦੇ ਮਾਰਗ ਤੇ ਚਲਣਾ ਚਾਹੇਗਾ। ਪਛਮੀ ਸੂਝਵਾਨ ਸੋਚਦੇ ਹਨ ਕਿ ਉਸ ਸੱਚੇ ਧਰਮ ਦਾ ਖ਼ਾਕਾ, ਸਿੱਖੀ ਪਾਸੋਂ ਮੰਗਿਆ ਜਾਵੇਗਾ।

ਇਹ ਜ਼ਰੂਰੀ ਨਹੀਂ ਕਿ ਧਰਤੀ ਐਟਮ ਬੰਬ ਨਾਲ ਹੀ ਉਡੇ ਤੇ ਫਿਰ ਸਿੱਖੀ ਦਾ ਆਸਰਾ ਮਿਲੇ। ਉਂਞ ਭੀ ਮਨ ਦੀ ਦੁਨੀਆ ਸਾਰੇ ਸੰਸਾਰ ਵਿਚ, ਸੜ ਕੇ ਸੁਆਹ ਹੋ ਚੁਕੀ ਹੈ। ਆਪੋ-ਧਾਪੀ ਨੇ, ਤਰੱਕੀ ਨਾਮ ਦੀ ਦਾਵਾ-ਅਗਨੀ ਨੇ ਸੰਸਾਰ-ਬਨ ਵਿਚ ਜਾ, ਬਹੁਤ ਘਰ ਗਾਲ ਦਿਤੇ ਹਨ, ਜਿਸ ਨਾਲ ਧਰਤੀ ਦੇ ਜੀਅ ਗਿੱਲੇ ਗੋਹੇ ਵਾਂਗ ਧੁਖ ਰਹੇ ਹਨ।

ਆਸ਼ਾ-ਤ੍ਰਿਸ਼ਨਾ ਨੇ ਮਨ ਦਾ ਚੈਨ ਖੋਹ ਲਿਆ ਹੈ, ਜ਼ਿੰਦਗੀ ਵਿਚ ਸਵਾਦ ਨਹੀਂ ਰਿਹਾ। ਬੀਵੀ ਤੇ ਬੱਚਿਆਂ ਪਾਸੋਂ ਭੀ ਦਰਦਮੰਦੀ ਦੀ ਆਸ ਨਹੀਂ, ਦੋਸਤੀ ਹਾਰਦਿਕ ਨਹੀਂ।

ਐਸੇ ਸਮਿਆਂ ਵਿਚ ਤੇ ਇਹੋ ਜਿਹੇ ਯੁਗ ਵਿਚ ਤਾਂ ਸਿੱਖੀ ਨੇ ਜਨਮ ਲਿਆ ਸੀ। ਆਓ, ਦੁਨੀਆ ਨੂੰ ਤੋੜੀਏ ਨਾ— ਜੋੜੀਏ—ਕੱਚੇ ਭੀ ਨਾ ਝਾੜੀਏ, ਬੋਚ ਲਈਏ, ਡਿਗਣ ਨਾ ਦੇਈਏ।........

ਸਿੱਖੀ ਦੀ ਆਤਮਾ ਗੁਰੂ ਜੀ ਨੇ ਅਸਮਾਨ ਜਿਡੀ ਚੌੜੀ ਬਣਾਈ ਸੀ, ਹਵਾ ਜਿਡੀ ਸਰਬ-ਵਿਆਪਕ, ਪਹਾੜ ਜਿਡੀ ਉਚੀ, ਸਮੁੰਦਰ ਜਿਡੀ ਡੂੰਘੀ, ਚੰਦ ਵਾਂਗ ਸੀਤਲ, ਸੂਰਜ ਵਾਂਗ ਨਿੱਘੀ। ਸਿੱਖੀ ਦੀ ਛਾਂ ਹਰ ਪ੍ਰਾਣੀ ਮਾਣ ਸਕਦਾ ਹੈ—ਅਪਰਾਧੀ ਤੇ ਗੁਨਾਹਗਾਰ ਭੀ ਸਾਹ ਲੈ ਸਕਣ ਜੋਗੇ ਹੋਣੇ ਚਾਹੀਦੇ ਹਨ। ਸਾਡੀ ਤਾਂ ਇਹ ਭੀ ਰੀਤ ਹੈ—



www.AKJ.Org

ਬੁਰਿਆਂ ਨਾਲ ਭਲਾਈ ਕਰਨਾ।

ਇਹ ਇਮਾਰਤ ਹੋਰ ਹੀ ਤਰ੍ਹਾਂ ਬਣੀ ਹੈ। ਬਾਬਾ ਨਾਨਕ ਨੇ ਨੀਂਹ ਰਖੀ, ਸੇਵਾ ਦੀ, ਸਿਮਰਨ ਦੀ। ਥੰਮ੍ਹ ਤੀਜੇ ਗੁਰੂ ਨੇ—ਭਾਈਚਾਰਾ ਬਣਾ ਕੇ, ਗੋਇੰਦਵਾਲ ਵਸਾ ਕੇ, ਲੰਗਰ ਤੇ ਪੰਗਤ ਦੀ ਆਦਤ ਪਾ ਕੇ, ਗੁਰਮੁਖੀ ਅਖਰਾਂ ਨੂੰ ਸੋਧ ਕੇ, ੨੨ ਮੰਜੀਆਂ ਬਖਸ਼ ਕੇ ਸਾਰੇ ਦੇਸ਼ ਵਿਚ ਸੁਨੇਹਾ ਪੁਚਾ ਕੇ।

ਗੁਰੂ ਦਸਵੇਂ ਨੇ ਛੱਤ ਡਾਟਾਂ ਲਾਈਆਂ, ਹੱਡੀਆਂ ਦਾ ਚੂਨਾ ਲਾ, ਖ਼ੂਨ ਦੀ ਸੁਰਖ਼ੀ ਪਾ, ਐਸੀ ਪੱਕੀ ਇਮਾਰਤ ਬਣਾਈ ਕਿ ਜੁਗੋ ਜੁਗ ਨਾ ਹਿਲੇ, ਨਾ ਡਿਗੇ, ਨਾ ਭਜੇ।

ਅਸੀਂ—ਸਾਡੇ ਕੋਈ ਸਿਆਸਤਦਾਨ, ਸਾਡੇ ਕੋਈ ਦੋਖੀ, ਜੇ ਸਾਡੇ ਵਿਚ ਆ ਕ, ਸਾਡਾ ਬਾਣਾ ਪਾ ਦਸਮੇਸ਼ ਦੀ ਪ੍ਰਤੀਤੀ ਖੋਹ ਬੈਠੇ, ਧਰਤੀ ਕੰਬ ਜਾਵੇਗੀ।

ਇਹ ਬੂਟਾ ਹੋਰ ਹੀ ਤਰ੍ਹਾਂ ਉਗਿਆ ਹੈ, ਹੋਰ ਹੀ ਤਰ੍ਹਾਂ ਫਲਿਆ ਹੈ—"ਜਿਥੇ ਨਾ ਵੈਰ ਕੋਈ, ਨਾ ਗ਼ੈਰ ਕੋਈ" ਅਜੇ ਸੰਭਲ ਜਾਈਏ।

ਸਿਖ ਇਕ ਫ਼ਿਰਕਾ ਨਹੀਂ, ਪੰਥ ਹੈ। ਜੀਵਨ-ਜਾਚ ਹੈ। ਇਸ ਨੂੰ ਤੰਗ ਨਹੀਂ ਕਰਨਾ, ਖੁਲ੍ਹਾ ਕਰਨਾ ਹੈ। ਹੋਰ ਭੀ ਸਿਖ ਸਕਣ। ਹੋਰ ਭੀ ਇਸ ਰਸਤੇ ਤੇ ਚਲ ਸਕਣ। ਪੰਥ ਨਿਵੇਕਲਾ ਰਖਣਾ, ਸਾਡੇ ਨਿਆਰੇ ਪਣ ਨੂੰ ਦਿਖਾਂਦਾ ਹੈ, ਜੋ ਸਾਡੀ ਸ਼ਾਨ ਦਾ, ਬੁਲੰਦੀ ਦਾ, ਡੂੰਘਾਈ ਦਾ ਲਖਾਇਕ ਹੈ ਅਤੇ ਜਗ ਦੀ ਰੀਤ ਤੋਂ ਵਖਰਾ, ਨਿਵੇਕਲਾ ਤੇ ਪ੍ਰਭਾਵਸ਼ਾਲੀ। ਜਗਤ ਵਿਚ ਕੇਵਲ ਸਿੱਖੀ ਲਈ ਮਖ਼ਸੂਸ ਸੇਵਾ, ਕਲਗੀਧਰ ਦੇ ਸਰੂਪ ਖ਼ਾਸ ਲਈ। ਗੁਰੂ ਗੋਬਿੰਦ ਸਿੰਘ ਜੀ ਦੇ ਭੀ ਚਰਨ ਟਿਕਾਣ ਲਈ, ਗੁਰੂ ਗੋਬਿੰਦ ਸਿੰਘ ਜੀ ਦੇ ਅੰਗ-ਸੰਗ ਹੋਣ ਦੇ ਸਾਡੇ ਅਧਿਕਾਰ ਬਨਾਣ ਲਈ—

ਜੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ ॥ (ਪੰਨਾ ੧੩੮੪)

["ਗੁਰਸਿਖ ਸੰਜੋਗ", 4-2-90, "ਮੁੜ ਇਤਬਾਰ ਜਿੱਤੋ" ਲੇਖ ਵਿਚੋਂ

---

# ਭਾ: ਸਾ: ਭਾਈ ਰਣਧੀਰ ਸਿੰਘ ਕੀਰਤਨ ਉਤਸ਼ਾਹਤ ਸਕੀਮ

ਵੀਹ ਸਾਲ ਦੀ ਉਮਰ ਤਕ ਦੇ ਅੰਮ੍ਰਿਤਧਾਰੀ ਬੱਚਿਆਂ ਦੇ ਜ਼ਬਾਨੀ ਆਸਾ ਦੀ ਵਾਰ (ਸ਼ਬਦ ਛਕਿਅ ਸਮੇਤ) ਕੀਰਤਨ ਦੀ ਯੋਗਤਾ ਲਈ ਜਿਹੜੇ ਬੱਚੇ ਪ੍ਰੀਖਿਆ ਵਿਚ ਸ਼ਾਮਲ ਹੋਣਾ ਚਾਹੁੰਦੇ ਹਨ, ਉਹ ਵੈਸਾਖੀ ਸਮਾਗਮ ਤ ਸ੍ਰੀ ਅੰਮ੍ਰਿਤਸਰ ਪੁਜ ਜਾਣ। ਉਨ੍ਹਾਂ ਬੱਚਿਆਂ ਦੇ ਲੋੜੀਂਦੇ ਫ਼ਾਰਮ ਉਦੋਂ ਹੀ ਉਨ੍ਹਾਂ ਪਾਸੋਂ ਭਰਵਾ ਲਏ ਜਾਣਗੇ। ਟੈਸਟ ਲੈਣ ਪਿਛੋਂ ਯੋਗਤਾ ਅਨੁਸਾਰ ਬੱਚਿਆਂ ਨੂੰ ਯੋਗ ਸਹਾਇਤਾ ਦੇ ਕੇ ਸਤਿਕਾਰਿਆ ਜਾਏਗਾ।

ਸਕੱਤ੍ਰ, ਭਾਈ ਰਣਧੀਰ ਸਿੰਘ ਟ੍ਰਸਟ, 23—ਜੀ, ਸਰਾਭਾ ਨਗਰ, ਲੁਧਿਆਣਾ

# ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੪੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੧-੫੦ |
| ਅੰਮ੍ਰਿਤ ਕਲਾ | ੧-੫੦ | ਵਾਹਿਗੁਰੂ ਦੇ ਪਰਤੱਖ ਦਰਸ਼ਨ | ੧-੦੦ |
| ਸੱਚੀਆਂ ਦਾੜ੍ਹੀਆਂ | ੦-੭੫ | ਸਿਖ ਕੌਣ ਹੈ | ੦-੭੫ |
| ਤਿਮਰ ਅਗਿਆਨ ਤੋਂ ਉਜਿਆਰਾ | ੦-੫੦ | ਉਮਰ ਕੈਦੀ ਦਾ ਸੁਪਨਾ | ੧-੨੦ |



www.AKJ.Org

# ਅੰਮ੍ਰਿਤ-ਦਾਤਾ ਦਾ ਖ਼ਾਲਸੇ ਨੂੰ ਉਪਦੇਸ਼

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

1699 ਦੀ ਵੈਸਾਖੀ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਕੇਸਗੜ੍ਹ ਸਾਹਿਬ ਦੇ ਸਥਾਨ ਵਿਖੇ ਖਾਲਸਾ ਸਾਜਣ ਸਮੇਂ ਜੋ ਉਪਦੇਸ਼, ਭਰੇ ਦੀਵਾਨ ਵਿਚ, ਸਿਖ-ਸੇਵਕਾਂ ਅਤੇ ਖਾਲਸਾ ਜੀ ਨੂੰ ਬਖਸ਼ਿਆ, ਉਸ ਦਾ ਸਾਰੰਸ਼ ਲੇਖਕ ਜੀ ਨੇ ਹੇਠ ਲਿਖੇ ਅਨੁਸਾਰ ਉਲੀਕਿਆ ਹੈ । —ਸੰਪਾਦਕ

ਪੁੱਤਰ, ਮੈਂ ਤੈਨੂੰ ਓਹੋ ਕੁਝ ਦਸਦਾ ਹਾਂ ਜੋ ਮੇਰੇ ਪ੍ਰਭੂ ਨੇ ਮੈਨੂੰ ਸਮਝਾ ਕੇ ਸੰਸਾਰ ਤੇ ਭੇਜਿਆ ਹੈ। ਮੈਂ ਕੋਈ ਗੱਲ ਤੇਰੇ ਪਾਸੋਂ ਛਿਪਾ ਕੇ ਨਹੀਂ ਰਖਾਂਗਾ, ਅਤੇ ਨਾ ਕੋਈ ਵਾਧੂ ਗੱਲ ਕਰਾਂਗਾ। ਇਸ ਵਿਚ ਰਤਾ ਭਰ ਵੀ ਸ਼ੰਕਾ ਨਹੀਂ ਕਰਨੀ ਕਿ ਮੈਂ ਆਪਣੇ ਪ੍ਰਭੂ ਦਾ ਅਨਿੰਨ ਸੇਵਕ ਤੇ ਦਾਸ ਹਾਂ। ਸਰਬ ਸਮਰੱਥ ਅੰਤਰਜਾਮੀ ਉਹ ਆਪ ਹੈ, ਹੋਰ ਕੋਈ ਉਸ ਜਿਹਾ ਨਹੀਂ ਅਤੇ ਨਾ ਕਦੀ ਹੋਵੇਗਾ। ਉਸ ਨੇ ਮੈਨੂੰ ਆਪਣਾ ਪੁੱਤਰ ਕਹਿ ਕੇ ਨਿਵਾਜਿਆ ਹੈ, ਅਤੇ ਮੈਨੂੰ ਕੁਝ ਵਿਸ਼ੇਸ਼ ਹੁਕਮ ਦੇ ਕੇ ਏਥੇ ਭੇਜਿਆ ਹੈ, ਜਿਨ੍ਹਾਂ ਦੀ ਪਾਲਨਾ ਮੇਰੇ ਜ਼ਿੰਮੇ ਹੈ। ਮੇਰੇ ਪ੍ਰਭੂ ਨੇ ਮੈਨੂੰ ਇਹ ਭੀ ਭਰੋਸਾ ਦਿਤਾ ਹੈ ਕਿ ਉਨ੍ਹਾਂ ਹੁਕਮਾਂ ਨੂੰ ਪੂਰੀ ਤਰ੍ਹਾਂ ਬਜਾ ਲਿਆਉਣ ਵਿਚ ਪ੍ਰਭੂ ਮੇਰੀ ਮਦਦ ਕਰਨਗੇ, ਇਸ ਲਈ ਮੇਰੇ ਅੰਦਰ ਕਿਸੇ ਤਰ੍ਹਾਂ ਦਾ ਭੈ ਨਹੀਂ ਹੈ।

ਮੇਰੇ ਪ੍ਰਭੂ ਦਾ ਹੁਕਮ ਹੈ ਕਿ ਮੈਂ ਧਰਮ ਨੂੰ ਪ੍ਰਚੁਰ ਕਰਾਂ, ਸੰਤਾਂ ਦਾ ਸਹਾਈ ਹੋਵਾਂ ਅਤੇ ਦੁਸ਼ਟਾਂ ਦੀ ਜੜ੍ਹ ਪੁਟਾਂ, ਜਿਸ ਦੇ ਲਈ ਮੈਂ ਹਰ ਤਰ੍ਹਾਂ ਦੀ ਸਮਰੱਥਾ ਆਪਣੇ ਪ੍ਰਭੂ ਤੋਂ ਲੈਂਦਾ ਹੈ, ਹੋਰ ਕਿਸੇ ਦੇਵੀ ਦੇਵਤੇ ਜਾਂ ਰਾਮ ਰਹੀਮ ਦੀ ਮੈਂ ਪਛਾਣ ਤਕ ਨਹੀਂ ਕਰਦਾ। ਮੇਰੇ ਪ੍ਰਭੂ ਨੇ ਆਪਣੀ ਲਾਸਾਨੀ ਤਾਕਤ ਦੀ ਵਾਹਿਦ ਨਿਸ਼ਾਨੀ ਸ੍ਰੀ ਸਾਹਿਬ ਮੇਰੇ ਹੱਥ ਫੜਾਈ ਹੈ। ਇਹੋ ਮੇਰੀ ਸਮਰੱਥਾ ਹੈ, ਜਿਸ ਨਾਲ ਮੈਂ ਦੁਸ਼ਟਾਂ ਦੇ ਦਮਣ ਵਾਲਾ ਅਤੇ ਅਨਾਥਾਂ ਅਤੇ ਅਬਲਾਂ ਦਾ ਸਹਾਰਾ ਬਣਨਾ ਹੈ। ਮੇਰੇ ਪ੍ਰਭੂ ਦੀ ਆਗਿਆ ਹੈ ਕਿ ਮੈਂ ਅਜਿਤ ਸੂਰਮਿਆਂ ਦੀ ਫ਼ੌਜ ਖੜੀ ਕਰਾਂ, ਜਿਸ ਦਾ ਇਕ ਇਕ ਸੂਰਬੀਰ ਸਵਾ ਸਵਾ ਲਖ ਤੇ ਭਾਰੂ ਹੋਵੇ। ਮੈਂ ਇਹ ਸੈਨਾ ਉਨ੍ਹਾਂ ਲੋਕਾਂ ਵਿਚੋਂ ਖੜੀ ਕਰਾਂਗਾ ਜਿਨ੍ਹਾਂ ਨੂੰ ਨੀਚ, ਸੂਦਰ ਅਤੇ ਕੀਰੇ ਕਾਰੇ ਕਿਹਾ ਜਾਂਦਾ ਹੈ, ਤਾਂਕਿ ਆਪਣੇ ਆਪ ਨੂੰ ਉਚੇ ਜਾਨਣ ਵਾਲਿਆਂ ਦਾ ਘੁਮੰਡ ਟੁਟੇ।

ਇਨਹੀ ਸੇ ਰਾਜੇ ਉਪਜਾਊਂ ॥ ਰਾਜ ਕਰਨ ਕੀ ਨੀਤ ਸਿਖਾਊਂ ॥
ਇਨਹੀ ਕੋ ਸਰਦਾਰ ਬਨਾਊਂ ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ ॥

ਮੇਰੀ ਗਰੀਬ ਸੈਨਾ ਧਰਮ ਦੇ ਦੋਖੀਆਂ ਦੀ ਜੜ੍ਹ ਪੁਟੇਗੀ। ਮੇਰੀਆਂ ਚਿੜੀਆਂ ਜ਼ੁਲਮੀ ਬਾਜ਼ਾਂ ਨੂੰ ਖਾ ਜਾਣਗੀਆਂ। ਮੈਂ ਏਨ੍ਹਾਂ ਨੂੰ ਅਜਿਹੀ ਵਰਦੀ ਪਹਿਨਾਵਾਂਗਾ ਜੋ ਕਦੀ ਉਤਾਰੀ ਨਾ ਜਾ ਸਕੇ, ਜੋ ਇਨ੍ਹਾਂ ਨੂੰ ਭਾਰਤੀ ਰਿਸ਼ੀਆਂ ਦਾ ਰੂਪ ਅਤੇ ਅਰਜਨ ਤੇ ਕ੍ਰਿਸ਼ਨ ਦੀ ਸੂਰਬੀਰਤਾ ਦੇਵੇਗੀ। ਮੈਂ ਇੱਜੜ ਦੀਆਂ ਭੇਡਾਂ ਵਧਾਉਣ ਨਹੀਂ ਆਇਆ, ਮੈਂ ਬੱਬਰ ਸ਼ੇਰ ਪੈਦਾ ਕਰਨੇ ਹਨ। ਮੇਰੇ ਸਿੰਘ ਸ਼ਸਤਰ-ਧਾਰੀ ਹੋਣਗੇ, ਇਹ ਸ਼ਸਤਰ ਦਾ ਵਿਸਾਹ ਕਦੀ ਨਹੀਂ ਕਰਨਗੇ ਤੇ ਸ਼ਸਤਰ ਨੂੰ ਜਬਰ ਦੇ ਨਾਸ ਕਰਨ ਲਈ ਵਰਤਣਗੇ। ਇਹ ਮੇਰੇ ਸੰਤ-ਸਿਪਾਹੀ ਹਨ।

ਮੇਰਾ ਦਰਵਾਜ਼ਾ ਸਭ ਕਿਸੇ ਲਈ ਖੁਲ੍ਹਾ ਹੈ। ਆਉ, ਮੇਰੀ ਸੈਨਾ ਵਿਚ ਸ਼ਾਮਲ ਹੋਵੋ ਅਤੇ ਜੋ ਕਾਰਜ ਕਰਨ ਆਇਆ ਹਾਂ, ਇਸ ਵਿਚ ਮੇਰਾ ਸਾਥ ਦਿਓ।

ਯਾਦ ਰਖੋ, ਤੁਹਾਡੀ ਵਰਦੀ ਤੁਹਾਡੀ ਅੰਦਰਲੀ ਚੜ੍ਹਦੀ ਕਲਾ ਦੀ ਪ੍ਰਤੀਕ ਹੋਵੇ। ਬਹਾਦਰ ਹੋਵੋ ਪਰ ਵਿਖਾਵੇ ਦੇ ਨਹੀਂ, ਵਿਖਾਵਾ ਤੁਹਾਡੇ ਅੰਦਰ ਦੀ ਅਸਲੀਅਤ ਨੂੰ ਧੁੰਦਲਾ ਨਾ ਕਰੇ। ਤੁਸੀਂ ਗਰੀਬ ਸੁਭਾਅ ਹੋਵੋ, ਪਰ ਬੇਅਣਖੇ ਨਹੀਂ। ਅਣਖ ਜੀਵਨ ਹੈ, ਬੇਅਣਖੇ ਹੋਣਾ ਮੌਤ। ਦੁਨੀਆ ਵਿਚ ਖੁਲ੍ਹੇ ਵਿਚਰੋ, ਪਰ ਤੁਹਾਡੀ ਚਿੱਟੀ ਚਾਦਰ ਨੂੰ ਦਾਗ ਨਾ ਲਗੇ, ਨਾ ਤੁਹਾਡੇ ਵੱਲ ਕੋਈ ਉਂਗਲ ਕਰ ਸਕੇ। ਤੁਸੀਂ ਲੋਕਾਂ ਪਰ ਤਰਸ ਕਰੋ, ਰੱਬ ਤੁਹਾਡੇ ਪਰ ਤਰਸ ਕਰੇਗਾ। ਤੁਸੀਂ ਸਭ ਨਾਲ ਪਿਆਰ ਕਰੋ, ਰੱਬ ਤੁਹਾਨੂੰ ਆਪਣਾ ਪਿਆਰ ਦੇਵੇਗਾ।

ਸਵੇਰ ਦੀ ਲੋਅ ਲੱਗਣ ਤੋਂ ਪਹਿਲੋਂ ਨਿਤਾਪ੍ਰਤਿ ਅੰਮ੍ਰਿਤ ਵੇਲੇ ਜਾਗ ਕੇ ਵਾਹਿਗੁਰੂ ਦੇ ਗੁਣਾਂ ਅੰਦਰ ਟਿਕ



www.AKJ.Org

ਜਾਉ। ਉਪਰੰਤ ਉਸ ਦਿਨ ਲਈ ਆਪਣੇ ਮਿਥੇ ਪ੍ਰੋਗਰਾਮ ਵਿਚ ਸ਼ੁਧ ਤੇ ਆਸ਼ਾ ਭਰਪੂਰ ਹਿਰਦੇ ਨਾਲ ਜੁਟ ਜਾਉ। ਸੇਵਾ ਤੇ ਕੁਰਬਾਨੀ ਦੇ ਉਦੇਸ਼ ਨਾਲ ਸੰਸਾਰ ਅੰਦਰ ਵਿਚਰੋ। ਹਾਂ, ਬਿਨਾਂ ਵਿਤਕਰੇ ਮਨੁਖ ਮਾਤਰ ਦੀ ਸੇਵਾ ਅਤੇ ਧਰਮ ਤੇ ਸੱਚ ਨੂੰ ਉਜਾਗਰ ਕਰਨ ਵਾਸਤੇ ਆਪਣਾ ਧਨ ਧਾਮ, ਸਮਾਂ ਅਤੇ ਸੁਖ, ਬਲਕਿ ਲੋੜ ਪਵੇ ਤਾਂ ਆਪਣਾ ਆਪ ਭੀ ਸੱਚ ਉਪਰੋਂ ਨਿਛਾਵਰ ਕਰ ਦਿਉ।

ਹਮੇਸ਼ਾ ਨਿਰਭੈ ਹੋ ਕੇ ਵਿਚਰੋ। ਚੇਤੇ ਰਖੋ ਕਿ ਹਰ ਗੱਲ ਦਾ ਕਰਨ ਕਾਰਨ ਤਾਂ ਵਾਹਿਗੁਰੂ ਹੈ, ਜਿਸ ਦੇ ਹੁਕਮ ਤੋਂ ਬਿਨਾਂ ਕੁਝ ਨਹੀਂ ਹੁੰਦਾ, ਅਤੇ ਓਹ ਆਪਣੀ ਜ਼ਾਤ ਵਿਚ ਨਿਰਵੈਰ ਹੈ। ਸੁਚੇ ਆਚਰਨ ਵਾਲੇ ਹੋਵੋ, ਪਰ-ਇਸਤ੍ਰੀ ਨੂੰ ਧੀ ਭੈਣ ਵਾਲਾ ਸਤਿਕਾਰ ਦਿਓ।

ਨਸ਼ਿਆਂ ਤੋਂ ਪਰਹੇਜ਼ ਕਰੋ, ਤੰਬਾਕੂ ਪੀਣਾ ਸਭ ਤੋਂ ਵਡੀ ਬਿੱਦਤ ਹੈ।

ਮੈਂ ਤੁਹਾਨੂੰ ਸਿੰਘ (ਸ਼ੇਰ) ਬਣਾਇਆ ਹੈ, ਇਸ ਲਈ ਕਦੀ ਕਮਜ਼ੋਰੀ ਨਾ ਵਿਖਾਉ। ਗੀਦੀਆਂ ਲਈ ਮੇਰੇ ਪਾਸ ਕੋਈ ਥਾਉਂ ਨਹੀਂ, ਇਸ ਲਈ ਗੀਦੀ ਹਰਗਿਜ਼ ਨਾ ਬਣੋ। ਵੈਰੀ ਨੂੰ ਕੰਡ ਕਦੀ ਨਾ ਵਿਖਾਉ।

ਤੁਹਾਨੂੰ ਆਪਣਾ ਰੂਪ ਦੇ ਕੇ ਮੈਂ ਆਪਣਾ ਬਣਾਇਆ ਹੈ, ਮੈਂ ਕਦੀ ਨਹੀਂ ਸਹਾਰ ਸਕਦਾ ਕਿ ਤੁਸੀਂ ਮੇਰੇ ਰੂਪ ਨੂੰ ਵਿਗਾੜੋ।

ਮੈਂ ਤੁਹਾਨੂੰ ਖਾਲਸਾ ਕੀਤਾ ਹੈ, ਤੁਸੀਂ ਮਲ ਰਹਿਤ ਹੋਏ ਹੋ, ਇਸ ਲਈ ਮਨ ਬਚਨ ਤੇ ਕਰਮ ਕਰਕੇ ਨਿਰਮਲ ਹੋਵੋ।

ਖਾਲਸੇ ਦਾ ਕਰਮ ਹੈ ਜਾਗਤ ਜੋਤਿ ਦਾ ਦਿਨ ਰਾਤ ਧਿਆਨ ਧਰਨਾ, ਅਤੇ ਉਸ ਤੋਂ ਬਿਨਾਂ ਹੋਰ ਕਿਸੇ ਦਾ ਧਿਆਨ ਨਾ ਧਰਨਾ, ਜਾਗਤ ਜੋਤਿ ਉਪਰ ਪੂਰਨ ਵਿਸ਼ਵਾਸ ਰਖਦੇ ਹੋਏ ਗੋਰ ਮੜ੍ਹੀ ਮਟ ਨੂੰ ਭੁਲ ਕੇ ਭੀ ਨਹੀਂ ਮੰਨਣਾ, ਨਾ ਤੀਰਥ-ਯਾਤਰਾ ਅਤੇ ਤੀਰਥਾਂ ਉਪਰ ਕੀਤੇ ਪੁੰਨ ਦਾਨ ਦਇਆ ਤਪ ਉਪਰ ਭਰੋਸਾ ਰਖਣਾ। ਪ੍ਰਤੀਤ ਕੇਵਲ ਇਕ ਅਕਾਲ ਦੀ ਅਤੇ ਪਰਚਾ ਗੁਰੂ ਦੇ ਸ਼ਬਦ ਦਾ ਰਖਣਾ। ਆਪਣੇ ਅੰਦਰ ਪੂਰਨ ਜੋਤਿ ਦੇ ਪ੍ਰਕਾਸ਼ ਨੂੰ ਅਨੁਭਵ ਕਰਨਾ। ਕਿਸੇ ਦਾ ਮੰਦਾ ਨਹੀਂ ਚਿਤਵਣਾ, ਨਿਰਭੈ ਅਤੇ ਨਿਰਵੈਰ ਰਹਿ ਕੇ ਸੰਸਾਰ ਤੇ ਵਿਚਰਨਾ, ਧਰਮ ਦੇ ਦੋਖੀਆਂ ਅਤੇ ਮਨੁਖਤਾ ਦੇ ਵੈਰੀਆਂ ਨੂੰ ਡਾਂਟ ਕੇ ਰਖਣਾ। ਧੱਕਾ ਹੁੰਦਾ ਵੇਖ ਅਖਾਂ ਨਹੀਂ ਮੀਟ ਲੈਣੀਆਂ। ਮਜ਼ਲੂਮ ਦੀ ਸਹਾਇਤਾ ਕਰਨਾ ਖਾਲਸੇ ਦਾ ਮੁਖ ਕਰਮ ਹੈ। ਐਸੇ ਖਾਲਸੇ ਅਤੇ ਮੇਰੇ ਵਿਚ ਕੋਈ ਭਿੰਨ-ਭੇਦ ਨਹੀਂ ਰਹੇਗਾ ਅਤੇ ਮੈਂ ਔਰ ਖਾਲਸਾ ਸਾਗਰ ਤੇ ਬੂੰਦ ਦੀ ਨਿਆਈਂ ਇਕ-ਮਿਕ ਹੋਵਾਂਗੇ।

ਐਸਾ ਖਾਲਸਾ ਮੇਰੇ ਮਾਲਕ ਵਾਹਿਗੁਰੂ ਦਾ ਹੈ, ਜਿਸ ਦੀ ਤਿੰਨ ਕਾਲ ਜੈ ਹੁੰਦੀ ਹੈ। ਇਸ ਲਈ ਜਦੋਂ ਤੁਸੀਂ ਖਾਲਸਾ ਹੋਵੋਗੇ ਤਾਂ ਫ਼ਤਿਹ ਤੁਹਾਡੇ ਪੈਰ ਚੁੰਮੇਗੀ।

ਮੈਨੂੰ ਆਪਣੇ ਅਕਾਲ ਉਤੇ, ਉਸ ਦੇ ਬਖਸ਼ੇ ਸ਼ਸਤਰ ਦੀ ਸਮਰੱਥਾ ਉਤੇ ਪੂਰਨ ਭਰੋਸਾ ਹੈ।

ਅਕਾਲ ਪੁਰਖ ਕੀ ਰਛਾ ਹਮ ਨੈ॥ ਸਰਬ ਲੋਹ ਕੀ ਰਛਿਆ ਹਮ ਨੈ॥
ਸਰਬ ਕਾਲ ਜੀ ਦੀ ਰਛਿਆ ਹਮ ਨੈ॥ ਸਰਬ ਲੋਹ ਜੀ ਦੀ ਸਦਾ ਰਛਿਆ ਹਮ ਨੈ॥

(ਪਾ: ੧੦ ਅਕਾਲ ਉਸਤਤਿ, ਮੰਗਲ)

ਇਸ ਲਈ ਮੈਂ ਸਰਬ-ਲੋਹ ਦੇ ਦੋਧਾਰੇ ਖੰਡੇ ਦੀ ਨੋਕ, ਅਤੇ ਬਾਟੇ ਦੀ ਰਗੜ ਅਤੇ ਅਕਾਲੀ ਬਾਣੀ ਦੀ ਮਿਠੀ ਸਰੋਦ ਤੋਂ ਅੰਮ੍ਰਿਤ ਤਿਆਰ ਕੀਤਾ ਹੈ, ਜਿਸ ਦਾ ਪੀਤਾ ਇਕ ਇਕ ਘੁਟ ਮਨੁਖ ਨੂੰ ਅਮਰ ਕਰਦਾ ਅਤੇ ਇਕੱਲੇ ਇਕੱਲੇ ਨੂੰ ਸਵਾ ਸਵਾ ਲਖ ਨਾਲ ਲੋਹਾ ਲੈਣ ਦੀ ਫ਼ੌਲਾਦੀ ਸ਼ਕਤੀ ਬਖ਼ਸ਼ਦਾ ਹੈ, ਪਰ ਕੇਵਲ ਉਨ੍ਹਾਂ ਨੂੰ, ਜੋ ਮਨੁਖਾਂ ਦੇ ਪਾਏ ਭਿੰਨ-ਭੇਦ ਮਿਟਾਅ ਕੇ ਕੇਵਲ ਅਕਾਲ ਦੇ ਹੋ ਜਾਂਦੇ ਹਨ, ਜਿਨ੍ਹਾਂ ਆਪਣਾ ਆਪ ਸਤਿਗੁਰੂ ਨੂੰ ਸਉਂਪ ਦਿਤਾ ਹੁੰਦਾ ਹੈ।

ਤੁਸੀਂ ਭੀ ਖੰਡੇ ਦਾ ਅੰਮ੍ਰਿਤ ਛਕੋ, ਆਪੋ ਵਿਚਲੇ ਭਿੰਨ-ਭੇਦ ਮਿਟਾ ਕੇ ਗੁਰੂ ਕੇ ਹੋ ਜਾਓ, ਫਿਰ "ਸਤਿਗੁਰ ਕੈ ਜਨਮੈ ਗਵਨੁ ਮਿਟਾਇਆ"*, ਫਿਰ ਤੁਸੀਂ ਖ਼ਾਲਸਾ ਹੋਵੋਗੇ। ਐਸਾ : ❋

*ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੦, ਪੰਨਾ ੯੪੦



www.AKJ.Org

# ਅੰਮ੍ਰਿਤ ਦਾ ਰਸ

[ਸ: ਨਰਿੰਦਰ ਸਿੰਘ ਜੀ ਸੋਚ]

ਅੰਮ੍ਰਿਤ ਛਕਣਾ ਸਿੱਖੀ ਵਿਚ ਨਵੇਂ ਜਨਮ ਲੈਣ ਦੀ ਗੁੜ੍ਹਤੀ ਹੈ। ਇਹ ਸੰਪੂਰਨਤਾ ਨਹੀਂ, ਸੰਪੂਰਨਤਾ ਵਲ ਤੁਰਨਾ ਹੈ। ਬਾਣੀ ਅਨੁਸਾਰ ਜੀਵਨ ਭਰ ਚਲਣ ਦਾ, ਗੁਰੂ ਤੇ ਪੰਜਾਂ ਪਿਆਰਿਆਂ ਦੇ ਸਾਹਮਣੇ ਪ੍ਰਣ ਕਰਨਾ ਹੈ।

ਨਵੇਂ ਜਨਮ ਦੇ ਅਰੰਭ ਵਿਚ ਆਪਣੇ ਹੀ ਸੁਭਾਅ ਉਪਰ ਹਮਲਾ ਕਰ ਕੇ ਉਸ ਨੂੰ ਬਦਲਣਾ ਹੈ। ਸੁਪਨੇ ਵਿਚ ਵੀ ਪਰ-ਨਾਰੀ ਦੀ ਸੇਜਾ 'ਤੇ ਨਾ ਜਾਣਾ, ਮਨ ਦੀ ਜਿਤ ਹੈ, ਫੁਰਨਿਆਂ ਉਪਰ ਕਬਜ਼ਾ ਹੈ। ਇਹ ਕੰਮ ਗੱਲਾਂ ਨਾਲ ਹੋਣ ਵਾਲੇ ਨਹੀਂ, ਬਾਣੀ ਦੀ ਚੋਬ ਫੜ ਕੇ ਆਪਣੇ ਮਨ ਅਤੇ ਇੰਦਰਿਆਂ ਉਪਰ, ਸਰੀਰ ਅਤੇ ਸਰੀਰ ਦੇ ਅੰਗਾਂ ਉਪਰ ਪਹਿਰਾ ਦੇਣਾ ਹੈ। ਅੱਖਾਂ ਨੂੰ ਤੱਗ ਪਾਣਾ ਹੈ, ਕੰਨਾਂ ਨੂੰ ਤੱਗ ਪਾਣਾ ਹੈ, ਜ਼ੁਬਾਨ ਨੂੰ ਤੱਗ ਪਾਣਾ ਹੈ, ਹੱਥਾਂ ਨੂੰ ਤੱਗ ਪਾਣਾ ਹੈ, ਪੈਰਾਂ ਨੂੰ ਤੱਗ ਪਾਣਾ ਹੈ। ਲੋਹੇ ਦੀਆਂ ਸੀਖਾਂ ਵਿਚ ਪੈਣਾ ਇਤਨਾ ਕਠਨ ਨਹੀਂ, ਜਿਤਨਾ ਨੇਮਾਂ ਦੇ ਪਿੰਜਰੇ ਵਿਚ ਪੈਣਾ।

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲੀ ਵਾਰ ਪੰਜਾਂ ਪਿਆਰਿਆਂ ਨੂੰ ਕਿਹਾ, "ਤਿਆਰ-ਬਰ-ਤਿਆਰ।" ਤਿਆਰ-ਬਰ-ਤਿਆਰ ਉਹੋ ਰਹਿ ਸਕਦਾ ਹੈ, ਜਿਸ ਦੇ ਗੁਰੂ ਅੰਗ-ਸੰਗ ਹੋਵੇ। ਗੁਰੂ ਅੰਗ-ਸੰਗ ਦਾ ਅਰਥ ਹੈ—ਬਾਣੀ ਅੰਗ-ਸੰਗ ਹੋਵੇ, ਸਿਮਰਨ ਅੰਗ-ਸੰਗ ਹੋਵੇ। ਗੁਰੂ ਦਾ ਸਰੀਰ ਸ਼ਬਦ ਹੈ। ਜਿਸ ਕੋਲ ਸ਼ਬਦ ਹੈ, ਉਹ ਚਾਨਣੇ ਵਿਚ ਹੈ। ਉਹ ਰਾਹ ਨਹੀਂ ਭੁਲਦਾ। ਉਸ ਦੀ ਸੇਧ ਮਿਕਨਾਤੀਸ ਦੀ ਸੂਈ ਵਾਂਗ ਰਹਿੰਦੀ ਹੈ। ਖਲਬਲੀ ਮਚ ਸਕਦੀ ਹੈ, ਪਰ ਅੰਤ ਨੂੰ ਰੁਕੇਗੀ ਆਪਣੇ ਅਸਲੀ ਟਿਕਾਣੇ ਉਪਰ ਹੀ।

ਗੁਰੂ ਗੋਬਿੰਦ ਸਿੰਘ ਜੀ ਨੇ ਪਹਿਲਾਂ ਆਪ ਅੰਮ੍ਰਿਤ ਤਿਆਰ ਕੀਤਾ ਸੀ, ਪਰ ਹੁਣ ਉਹ ਆਪ ਪੰਜਾਂ ਪਿਆਰਿਆਂ ਅਗੇ ਹੱਥ ਜੋੜ ਕੇ ਅੰਮ੍ਰਿਤ ਦੀ ਜਾਚਨਾ ਕਰ ਰਹੇ ਹਨ। ਪੰਜ ਪਿਆਰੇ, ਬੀਰ-ਆਸਣ ਹੋ ਕੇ ਵਾਰੀ ਵਾਰੀ ਅੰਮ੍ਰਿਤ ਦੀਆਂ ਪੰਜ ਬਾਣੀਆਂ ਪੜ੍ਹ ਰਹੇ ਹਨ। ਇਕ ਪਿਆਰਾ ਜਪੁ ਦਾ ਪਾਠ ਉਚੀ ਸੁਰ ਵਿਚ ਕਰ ਰਿਹੈ। ਚਾਰ ਪਿਆਰੇ ਉਹੋ ਪਾਠ ਨਾਲ ਮਧਮ ਸੁਰ ਵਿਚ ਕਰ ਰਹੇ ਹਨ। ਗੁਰੂ ਗੋਬਿੰਦ ਸਿੰਘ ਜੀ ਭੀ ਹੱਥ ਜੋੜ ਕੇ ਖਲੋਤੇ ਹੋਏ ਧੀਮੀ ਸੁਰ ਵਿਚ ਪੰਜ ਬਾਣੀਆਂ ਦਾ ਪਾਠ ਕਰ ਰਹੇ ਹਨ।

ਅੰਮ੍ਰਿਤ ਤਿਆਰ ਹੋ ਗਿਆ। ਪੰਜਾਂ ਪਿਆਰਿਆਂ ਨੇ ਅਰਦਾਸ ਕੀਤੀ ਅਤੇ ਗੁਰੂ ਗੋਬਿੰਦ ਸਿੰਘ ਨੂੰ ਪੰਜਾਂ ਪਿਆਰਿਆਂ ਨੇ ਅੰਮ੍ਰਿਤ ਪਾਨ ਕਰਵਾਇਆ। ਉਨ੍ਹਾਂ ਦੇ ਨੇਤਰਾਂ ਵਿਚ ਅੰਮ੍ਰਿਤ ਦੇ ਛੱਟੇ ਮਾਰੇ ਗਏ, ਉਨ੍ਹਾਂ ਦੇ ਕੇਸਾਂ ਵਿਚ ਅੰਮ੍ਰਿਤ ਪਾਇਆ ਗਿਆ ਅਤੇ ਕਿਹਾ, "ਇਨ੍ਹਾਂ ਪੰਜਾਂ ਬਾਣੀਆਂ ਦਾ ਨੇਮ ਨਾਲ ਪਾਠ ਕਰਨਾ। ਗੁਰੂ ਬਾਣੀ ਦੇ ਰੂਪ ਵਿਚ ਹੀ ਅੰਗ-ਸੰਗ ਰਹਿੰਦਾ ਹੈ।"

ਇਹ ਹਕੀਕਤ ਹੈ ਕਿ ਚਾਲੀ ਹਜ਼ਾਰ ਸਿੰਘ ਸਜ ਗਿਆ। ਇਹ ਭੀ ਸੱਚ ਸੀ ਕਿ ਚਾਲੀ ਦੇ ਚਾਲੀ ਹਜ਼ਾਰ ਪਹਿਲਾਂ ਭੀ ਰੋਜ਼ ਬਾਣੀਆਂ ਪੜ੍ਹਦੇ ਸਨ। ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੱਕ ਉਹੋ ਪਹੁੰਚ ਸਕਦਾ ਹੈ, ਜਿਹੜਾ ਗੁਰੂ ਨਾਨਕ ਦੇਵ ਤੋਂ ਅਰੰਭ ਕਰਦਾ ਹੈ। ਬਾਣੀ ਵਿਚ 'ਨਾਨਕ' ਮੋਹਰ ਨੇ ਪ੍ਰਮਾਣਤ ਕਰ ਦਿਤਾ ਹੈ ਕਿ ਮੁੱਢ ਅਤੇ ਅਖੀਰ ਗੁਰੂ ਨਾਨਕ ਹੈ। ਗੁਰੂ ਗੋਬਿੰਦ ਸਿੰਘ ਜੀ ਸਾਫ਼ ਆਖਦੇ ਹਨ—ਸਾਰੇ ਲੋਕ ਗੁਰੂਆਂ ਨੂੰ ਵਖਰੇ ਵਖਰੇ ਸਮਝਦੇ, ਵਿਰਲੇ ਲੋਕ ਹਨ ਜੋ ਗੁਰੂਆਂ ਨੂੰ ਇਕ ਰੂਪ ਵਿਚ ਵੇਖਦੇ। ਜਿਹੜੇ ਇਕ-ਇਕ ਰੂਪ ਵਿਚ ਵੇਖਦੇ ਹਨ, ਉਨ੍ਹਾਂ ਨੇ ਘੁੰਡੀ ਖੋਲ

---

* ਖਾਲਸਾ ਮੇਰੋ ਪਿੰਡ ਪ੍ਰਾਨ ॥ ਖਾਲਸਾ ਮੇਰੀ ਜਾਨ ਕੀ ਜਾਨ ॥

ਐਸਾ 'ਖ਼ਾਲਸਾ ਮੇਰੋ ਸਤਿਗੁਰ ਪੂਰਾ'। ਮੈਂ ਐਸੇ ਖਾਲਸੇ ਪਾਸੋਂ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਖਾਲਸਾ ਸਜਿਆ ਹਾਂ, ਹੁਣ ਮੈਂ ਖਾਲਸੇ ਦਾ ਹਾਂ, ਖਾਲਸਾ ਮੇਰਾ ਹੈ।

ਜਿਥੇ ਤੁਸੀਂ ਐਸੇ ਪੰਜ ਇਕੱਠੇ ਹੋਵੋਗੇ, ਉਥੇ ਮੈਂ ਹੋਵਾਂਗਾ, ਉਥੇ ਖਾਲਸਾ ਹੋਵੇਗਾ। ਉਨ੍ਹਾਂ ਨੂੰ ਦੀਪਕ ਤੋਂ ਦੀਪਕ ਜਗਾਉਣ ਵਾਂਗ ਮਨੁਖ ਮਾਤਰ ਨੂੰ ਖਾਲਸਾ ਕਰ ਲੈਣ ਦੀ ਸਮਰੱਥਾ ਹੋਵੇਗੀ।



www.AKJ.Org

ਲਈ ਹੈ, ਦੂਜਿਆਂ ਦੇ ਪੱਲੇ ਕੁਝ ਨਹੀਂ ਪਿਆ।

ਇਹ ਗੱਲ ਭੁਲਣੀ ਨਹੀਂ ਚਾਹੀਦੀ ਕਿ ਅੰਮ੍ਰਿਤ ਛਕਾਉਣ ਵੇਲੇ ਪੰਜ ਪਿਆਰਿਆਂ ਨੇ ਨਾਮ ਅਭਿਆਸ ਦੀ ਜੁਗਤੀ ਦਸਣੀ ਹੈ। ਜੁਗਤੀ ਦਸਣੀ ਹੀ ਨਹੀਂ, ਸਗੋਂ ਉਸ ਦੀ 'ਜਾਗ' ਲਾਉਣੀ ਹੈ। ਅਭਿਆਸ ਜਾਂ ਸਿਮਰਨ ਦੀ ਜੁਗਤੀ ਉਹੋ ਦਸ ਸਕਦਾ ਹੈ ਜਿਹੜਾ ਆਪ ਸਾਸ-ਗ੍ਰਾਸ ਨਾਮ ਜਪਦਾ ਹੋਵੇਗਾ। ਅੱਖਰਾਂ ਦੀ ਵਿਦਿਆ ਦੇਣ ਵਾਲਾ ਪਹਿਲਾਂ ੳ ਅ ੲ ਸ ਹ ਲਿਖ ਕੇ ਪੂਰਨੇ ਪਾਉਂਦਾ ਹੈ, ਫਿਰ ਬਾਲਕ ਦਾ ਹੱਥ ਫੜ ਕੇ ਉਨ੍ਹਾਂ ਪੂਰਨਿਆਂ ਉਪਰ ਚਲਾਉਂਦਾ ਹੈ। ਜੈਸੀ ਸੁੰਦਰ ਲਿਖਾਈ ਉਸਤਾਦ ਦੀ ਹੁੰਦੀ ਹੈ, ਉਤਨੀ ਸੋਹਣੀ ਲਿਖ ਹੀ ਚੇਲੇ ਦੀ ਹੋ ਜਾਂਦੀ ਹੈ।

ਜਿਵੇਂ ਪੰਜਾਂ ਪਿਆਰਿਆਂ ਦੀ ਚੋਣ ਵੇਲੇ ਕੋਈ ਅੰਗ ਭੰਗ ਨਹੀਂ ਲਿਆ ਜਾ ਸਕਦਾ, ਉਸੇ ਤਰ੍ਹਾਂ ਉਸ ਦੇ ਇੰਦਰੇ ਅਤੇ ਮਨ ਭੀ ਸਬੂਤਾ ਚਾਹੀਦਾ ਹੈ। ਕਬੀਰ ਜੀ ਭੀ ਕਹਿੰਦੇ ਹਨ, ਖਸਮ ਕੋਲ ਉਹ ਪਹੁੰਚਦਾ ਹੈ, ਜਿਸ ਅੰਬ ਨੂੰ ਕਾਵਾਂ ਨੇ ਠੂੰਗੇ ਨਾ ਮਾਰੇ ਹੋਣ–

ਕਬੀਰ ਫਲ ਲਾਗੇ ਫਲਨਿ ਪਾਕਨਿ ਲਾਗੇ ਆਂਬ ॥
ਜਾਇ ਪਹੂਚਹਿ ਖਸਮ ਕਉ ਜਉ ਬੀਚਿ ਨ ਖਾਹੀ ਕਾਂਬ ॥੧੩੪॥ (ਪੰਨਾ ੧੩੭੧)

ਭਾਈ ਗੁਰਦਾਸ ਜੀ ਭੀ ਕਹਿੰਦੇ, "ਟਾਂਕੇ ਲਗੇ ਵਾਲਾ ਭਾਂਡਾ ਸਾਰੇ ਕੰਮ ਸੰਵਾਰਦਾ ਹੈ, ਪਰ ਟਾਂਕਾ ਨਜ਼ਰਾਂ ਵਿਚ ਰੜਕਦਾ ਹੈ।" ਫਟੇ ਕਪੜੇ ਨੂੰ ਟਾਕੀ ਲਗੀ ਉਸ ਦਾ ਮੁੱਲ ਘਟਾ ਦੇਂਦੀ ਹੈ।

ਸਰੀਰ ਦੀ ਬਿਮਾਰੀ ਨਾਲੋਂ ਮਨ ਦੀ ਬਿਮਾਰੀ ਭਿਆਨਕ ਹੈ। ਮਨ ਬਾਣੀ ਅਤੇ ਅਭਿਆਸ ਨਾਲ ਅਰੋਗ ਅਤੇ ਬਲਵਾਨ ਹੁੰਦਾ ਹੈ। ਪੰਜ ਪਿਆਰਿਆਂ ਦੇ ਮਨ ਦੀ ਅਰੋਗਤਾ ਕਰਕੇ ਅੰਮ੍ਰਿਤ-ਅਭਿਲਾਖੀਆਂ ਦੇ ਜੀਵਨ ਤੇ ਬੜਾ ਡੂੰਘਾ ਪ੍ਰਭਾਵ ਪੈਂਦਾ ਹੈ। ਜੇ ਇਤਿਹਾਸ ਵਲ ਝਾਤੀ ਮਾਰੀਏ ਤਾਂ ਪਤਾ ਲਗਦਾ ਹੈ ਕਿ ਵਡੇ ਵਡੇ ਸ਼ਹੀਦ ਅਤੇ ਜਥੇਦਾਰ ਉਹ ਹੋਏ ਹਨ, ਜਿਨ੍ਹਾਂ ਨੇ ਉਚੇ ਸੁਚੇ ਜੀਵਨ ਵਾਲਿਆਂ ਤੋਂ ਅੰਮ੍ਰਿਤ ਪਾਨ ਕੀਤਾ, ਅਤੇ ਅੰਮ੍ਰਿਤ ਛਕਣ ਦੀ 'ਜਾਗ' ਲਗਣ ਪਿਛੋਂ ਆਪਣੇ ਜੀਵਨ ਵਿਚ ਮੁਸ਼ੱਕਤਾਂ ਘਾਲੀਆਂ ਹਨ।

ਭਾਈ ਤਾਰੂ ਸਿੰਘ ਜੀ ਨੇ ਕਿਹਾ ਸੀ, "ਮੇਰੇ ਕੇਸਾਂ ਦੀ ਬੇਅਦਬੀ ਨਾ ਕਰੋ, ਇਸ ਦੇ ਥਾਂ 'ਤੇ ਮੇਰੀ ਖੋਪਰੀ ਬੇਸ਼ਕ ਉਤਾਰ ਦਿਓ। ਕੇਸਾਂ ਦੀ ਪੀੜ, ਖੋਪਰੀ ਦੀ ਪੀੜ ਨਾਲੋਂ ਬਹੁਤੀ ਹੈ।"

ਸਿੱਖਰ ਦੀ ਗੱਲ ਇਕੋ ਹੈ। ਅੰਮ੍ਰਿਤ ਹੀ ਸ਼ਕਤੀ ਹੈ, ਅੰਮ੍ਰਿਤ ਬਾਣੀ ਦੀ ਪ੍ਰਣਾਵਲੀ ਉਪਰ ਚਲਣ ਦਾ ਨਾਮ ਹੈ। ਜਿਵੇਂ ਰਗੜ ਵਿਚੋਂ ਸ਼ਕਤੀ ਤੇ ਚਾਨਣ ਪੈਦਾ ਹੁੰਦਾ ਹੈ, ਉਸੇ ਤਰ੍ਹਾਂ ਗੁਰੂ ਬਾਣੀ, ਸਿਮਰਨ ਅਤੇ ਸਚੇ ਸੁਚੇ ਵਿਹਾਰ ਸਦਕਾ ਮਨ ਅਤੇ ਤਨ ਵਿਚ ਸ਼ਕਤੀ ਪੈਦਾ ਹੋ ਜਾਂਦੀ ਹੈ। ਬਾਣੀ 'ਤੇ ਚਲਣ ਵਾਲੇ ਬੰਦ ਬੰਦ ਕਟਵਾ ਸਕਦੇ ਹਨ, ਸਵਾ ਸਵਾ ਮਣ 'ਪੀਹਣ' ਬੀਬੀਆਂ ਅਤੇ ਬਿਰਧ ਮਾਈਆਂ ਪੀਹ ਸਕਦੀਆਂ, ਆਪਣੇ ਬੱਚਿਆਂ ਦੇ ਟੋਟਿਆਂ ਦੇ ਗਲਾਂ ਵਿਚ ਹਾਰ ਪਵਾ ਕੇ ਭੀ ਚੜ੍ਹਦੀਆਂ ਕਲਾ ਵਿਚ ਰਹਿੰਦੀਆਂ। ਚੜ੍ਹਦੀ ਕਲਾ ਕੇਵਲ 'ਨਾਮ' ਦੀ ਹੁੰਦੀ ਹੈ, ਕਿਉਂਕਿ ਨਾਮ ਆਪਣੇ ਮਜ਼ਬੂਤ ਖੰਭ ਨਾਲ ਉਡਾ ਕੇ ਅਭਿਆਸੀ ਨੂੰ ਨਾਮੀ ਵਿਚ ਲੈ ਜਾ ਕੇ ਦੋ ਤੋਂ ਇਕ ਜੋਤ ਕਰ ਦੇਂਦਾ ਹੈ।

['ਗੁਰਮਤਿ ਪ੍ਰਕਾਸ਼' ਅਪ੍ਰੈਲ ੧੯੮੯ ਵਿਚਲੇ ਲੇਖ ਵਿਚੋਂ


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੈਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੦੦ | ਜਬ ਲਗ ਖਾਲਸਾ ਰਹੇ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |


www.AKJ.Org

# 'ਗੁਰ ਪੂਰੈ ਵਡੀ ਵਡਿਆਈ'

[ਡਾ: ਹਰਦਿਆਲ ਸਿੰਘ ਬੈਂਸ, ਰਿਚਮੰਡ, ਕੈਨੇਡਾ]

ਹੁਕਮ ਰਜਾਈ, ਦਾਤ ਇਲਾਹੀ।
ਧੁਰ ਤੋਂ ਆਈ, ਨਾਨਕ ਪਾਈ।
ਉਹ ਆਪ ਇਕ, ਪੂਰਨ ਪੁਰਖਾਈ।
ਕਲਾ ਵਧਾਈ, ਰਵਿ ਰਚਨਾਈ।
ਅੰਞਨ ਗਿਆਨ ਕੀਆ ਰੁਸ਼ਨਾਈ।
ਗੁਰ ਪੂਰੈ ਵਡੀ ਵਡਿਆਈ।

ਗੋਬਿੰਦ ਨਾਮ ਕੀਆ ਗੁਰ ਖੰਡਾ।
ਰੋਗ ਸੋਗ ਦੁਖ ਹਉਮੈ ਕੰਡਾ।
ਹਰਿ ਜਨ ਸੋਭ ਸੁਖ ਬ੍ਰਹਮੰਡਾ।
ਰਾਮ ਰਮੋ ਰਮ ਮਨ ਮਹਿ ਮੰਡਾ।
ਬਾਣੀ ਅੰਮ੍ਰਿਤ ਸਾਰ ਪਿਲਾਈ।
ਗੁਰ ਪੂਰੈ ਵਡੀ ਵਡਿਆਈ।

ਰੋਮ ਰੋਮ ਇਕ ਜਾਪ ਜਪਾਈ।
ਜੁਗਤ ਓਹਾ, ਉਹੋ ਜੋਤ ਪ੍ਰਗਟਾਈ।
ਅੰਗਦ ਅਮਰਦਾਸ ਬਣਿ ਆਈ।
ਰਾਮਦਾਸਹੁ ਗੁਰਿ ਅਰਜਨ ਪਾਈ।
ਗੁਰਬਾਣੀ ਗੁਰ ਗ੍ਰੰਥ ਰਚਾਈ।
ਗੁਰ ਪੂਰੈ ਵਡੀ ਵਡਿਆਈ।

ਗੁਰ ਵਡਿਆਈ ਅੰਮ੍ਰਿਤ ਦੀਆ।
ਪੰਜ ਪਰਵਾਣ ਭਏ ਸਿਸ ਦੀਆ।
ਤਨ ਮਨ ਧਨ ਗੁਰ ਪੂਰੈ ਦੀਆ।
ਹੁਕਮ ਰਜਾਈ ਖਾਲਸਾ ਕੀਆ।
ਸਚ ਖਾਲਸ ਜੋਤ ਖਾਲਸੈ ਪ੍ਰਗਟਾਈ।
ਗੁਰ ਪੂਰੈ ਵਡੀ ਵਡਿਆਈ।

ਹਰਿ ਗੋਬਿੰਦ ਗੁਰ ਮੀਰਾ ਪੀਰ।
ਹਰੀ ਰਾਇ ਵਡ ਜੋਧਾ ਧੀਰ।
ਹਰੀ ਕ੍ਰਿਸ਼ਨ ਡਿਠੇ ਦੁਖੁ ਜਾਏ।
ਤੇਗ ਬਹਾਦੁਰ ਨਉ ਨਿਧਿ ਧਾਏ।
ਤਪ ਸਾਧੇ, ਭੋਰੇ ਘਾਲ ਕਮਾਈ।
ਗੁਰ ਪੂਰੈ ਵਡੀ ਵਡਿਆਈ।

ਖਾਲਸਾ ਨਿਆਰਾ ਪੰਥ ਚਲਾਇਆ।
ਆਪ ਭੀ ਖਾਲਸੇ ਮਹਿ ਸਮਾਇਆ।
ਖਾਲਸਾ ਅਕਾਲ ਪੁਰਖ ਕੀ ਫੌਜ।
ਪ੍ਰਗਟਿਓ ਖਾਲਸਾ ਪਰਮਾਤਮ ਕੀ ਮੌਜ।
ਖਾਲਸੇ ਦੀਨੀ ਜੋਤ ਸਬਾਈ।
ਗੁਰ ਪੂਰੈ ਵਡੀ ਵਡਿਆਈ।

ਅਰਜਨ ਭਾਣਾ ਮੀਠਾ ਕੀਆਂ।
ਜੋਤੀ ਜੋਤਿ ਸਮਾਇ ਲੀਆ।
ਹਿੰਦ ਦੀ ਚਾਦਰ ਤੇਗ ਬਹਾਦਰ।
ਸੀਸ ਦੀਆ ਪਰ ਸਿਰਰ ਨ ਦੀਆ।
ਜੋਤ ਗੋਬਿੰਦਹ ਆਨ ਟਿਕਾਈ।
ਗੁਰ ਪੂਰੈ ਵਡੀ ਵਡਿਆਈ।

ਇਹ ਸੀ ਵਡੀ ਇਕ ਕਰਾਮਾਤ।
ਨੀਚ ਊਚ ਸਭ ਇਕੋ ਜਾਤ।
ਨਾਮ ਹੀ ਪਤ ਨਾਮੇ ਹੀ ਦਾਤ।
ਇਕ ਨਾਮ ਦ੍ਰਿੜ੍ਹ ਫਿਰ ਹੋਰ ਨ ਜਾਤ।
ਨਾਮ ਖੰਡਾਂ ਨਾਮ ਤੀਰ ਤੁਪਕਾਈ।
ਗੁਰ ਪੂਰੈ ਵਡੀ ਵਡਿਆਈ।

ਗੋਬਿੰਦ ਵਡ ਜੋਧਾ ਉਪਕਾਰੀ।
ਸੁਤ ਮਾਤ ਪਿਤਾ ਦੀਏ ਸਭ ਵਾਰੀ।
ਸੱਚ ਕੋਟ ਸਤਾਣੀ ਨੀਵ ਉਸਾਰੀ।
ਵਾਹੁ ਗੋਬਿੰਦ ਐਸੀ ਦ੍ਰਿੜ੍ਹਤਾਰੀ।
ਸੱਚ ਨਾਮ ਦੀ ਪੈਜ ਰਖਾਈ।
ਗੁਰ ਪੂਰੈ ਵਡੀ ਵਡਿਆਈ।

ਹੁਣ ਵਾਰੀ ਦਾਤ ਸੰਭਾਲਣ ਆਈ।
'ਬੰਦੇ' ਪਾਈ ਸੇਵ ਕਮਾਈ।
ਤੱਤ ਖਾਲਸਾ ਤੇ ਬੰਦਈ।
ਮਨੀ ਸਿੰਘ ਖੁਸਦੀ ਰਖ ਲਈ।
ਫਿਰ ਮਚ ਗਈ ਸਭ ਆਪੋ ਧਾਈ।
ਗਰੀਬੀ ਗਈ, ਅਮੀਰੀ ਪਾਈ।



www.AKJ.Org

ਅਮੀਰੀ ਚੌਧਰ ਮਤ ਬਦਲਾਈ।
ਅੰਦਰਿ ਹੋਰ, ਮੁਖਿ ਹੋਰ ਬੁਲਾਈ।
ਦੇਖਾ ਦੇਖ ਅਪਣਾਈ ਰੀਤ।
ਸੀਲੈਕਸ਼ਨ ਛੋਡ, ਈਲੈਕਸ਼ਨ ਕੀਤ।
ਐਸੀ ਗਹੀ ਬਿਪਰਨ ਕੀ ਰੀਤ।
ਭੁਲ ਗਈ ਗੋਬਿੰਦ ਕੀ ਪ੍ਰਤੀਤ।
ਰਤਨ ਛੱਡ ਕਉਡੀ ਫੜ ਲਈ।
ਅੰਦਰੋਂ ਖ਼ਾਲੀ ਬਾਹਰ ਸ਼ੋਅ ਭਈ।
ਖੋਟੀ ਮਤ ਤੇ ਖੋਟ ਕਮਾਈ।
ਗੁਰ ਪੂਰੈ ਨਾ ਇਹ ਗੱਲ ਭਾਈ।
ਨਾਮ ਛੱਡ ਮੂਲ ਲਈ ਲੜਾਈ।
ਖ਼ਾਹ ਮਖ਼ਾਹ ਹੀ ਹੋਸ਼ ਗਵਾਈ।

ਹਿਕਮਤ ਹੁਜਤ ਛੱਡ ਦਿਓ ਦੂਰ।
ਤਨ ਮਨ ਧਨ ਸਭ ਰਖੋ ਹਜ਼ੂਰ।
ਆਠ ਪਹਿਰ ਖੰਡਾ ਖੜਕਾਈ।
ਅਜੇ ਵੀ ਲਵੋ ਭੁਲਾਂ ਬਖ਼ਸ਼ਾਈ।
ਦੁਰਮਤ ਬਦਲ ਗੁਰਮਤ ਪ੍ਰਗਟਾਈ।
ਗੁਰ ਪੂਰੈ ਵਡੀ ਵਡਿਆਈ।
ਧੋਵਹੁ ਭਾਂਡਾ, ਨਿਖਾਰੋ ਸੱਚ।
ਸੱਚ ਦ੍ਰਿੜ੍ਹਹੁ, ਸੱਚੀ ਗੁਰਮੱਤ।
ਸੱਚ ਬਾਣੀ, ਹੋਰ ਕੱਚ ਨਿਕੱਚ।
ਅੰਮ੍ਰਿਤ ਪੀਵਹੁ ਕਮਾਵਹੁ ਸੱਚ।
ਵਾਹਿਗੁਰੂ ਗੁਰ ਮੰਤ੍ਰ ਦ੍ਰਿੜ੍ਹਾਈ।
ਗੁਰ ਪੂਰੈ ਵਡੀ ਵਡਿਆਈ।

## ਕਲਗੀਧਰ ਦਾ ਨੀਲਾ ਘੋੜਾ

[ਗਿਆਨੀ ਗੋਪਾਲ ਸਿੰਘ ਜੀ ਮਿਤਰ]

ਹੁੰਦੇ ਸਦਾ ਸਵਾਰ ਦਸਮੇਸ਼ ਜਿਸ ਤੇ, ਰੰਗ ਓਸ ਦਾ ਕਹੇ ਜਹਾਨ ਨੀਲਾ।
'ਦਲ ਬਿਡਾਰ' ਸੀ ਉਸ ਦਾ ਨਾਂ ਰਖਿਆ, ਕਰਦਾ ਵੈਰੀਆਂ ਦੇ ਖੁਸ਼ਕ ਪ੍ਰਾਣ ਨੀਲਾ।
ਏਸ ਨੀਲੇ ਦੀ ਪਿੱਠ ਤੇ ਬੈਠ ਕੇ ਤੇ, ਦਸਮ ਪਿਤਾ ਨੇ ਮੁਗਲ ਪਠਾਣ ਸੋਧੇ।
ਕਈ ਵਾਰ ਆਹੂ ਲਾਹੇ ਜ਼ਾਲਮਾਂ ਦੇ, ਰੰਘੜ ਗੁੱਜਰ ਵੱਡੇ ਖਬੀ ਖ਼ਾਨ ਸੋਧੇ।
ਨੀਲਾ ਸ਼ੋਖ਼ ਤੇ ਬਾਂਕਾ ਸੀ ਚਪਲ ਘੋੜਾ, ਹੈਸੀ ਬੀਰਤਾ ਦੀ ਪਾਣ ਚੜ੍ਹੀ ਹੋਈ।
ਅਥਰਾ ਭੱਠੀ ਫ਼ੁਲਾਦ ਦੀ ਵਿਚ ਢਲਿਆ, ਮਾਨੋ ਦੇਹੀ ਸੀ ਲੋਹੇ ਦੀ ਘੜੀ ਹੋਈ।
ਜਦੋਂ ਵਿਚ ਮੈਦਾਨ ਦੇ ਹਿਣਕਦਾ ਸੀ, ਕੰਬ ਜਾਂਦੇ ਸਨ ਪੁੱਤ ਪਠਾਣੀਆਂ ਦੇ।
ਦਗੜ ਦਗੜ ਕਰਦਾ ਜਦੋਂ ਲੰਘਦਾ ਸੀ, ਉਥਲ ਪੁਥਲ ਹੁੰਦੀ ਸੀ ਵਿਚ ਪਾਣੀਆਂ ਦੇ।
ਦੇਂਦੇ ਰਾਹ ਸਨ ਇਹਨੂੰ ਦਰਿਆ ਡੂੰਘੇ, ਨਿਰਜਨ ਬਨਾਂ ਵਿਚ ਵੀ ਇਹ ਨਾ ਰੁਕਦਾ ਸੀ।
ਰਣ-ਤੱਤੇ ਵਿਚ ਇਹਨੂੰ ਸੀ ਚਾਅ ਚੜ੍ਹਦਾ, ਵਾਂਗੂ ਸ਼ੇਰ ਦੇ ਦਿੱਸਦਾ ਬੁੱਕਦਾ ਸੀ।
ਕਾਲੀ ਭਾਹ ਮਾਰੇ ਨੀਲੇ ਜਿਸਮ ਉੱਤੇ, ਬੇ-ਪਨਾਹ ਸੀ ਹੱਡਾਂ ਵਿਚ ਜ਼ੋਰ ਇਹਦੇ।
ਪੱਠੇ ਇਹਦੇ ਫੁਰਤੀਲੜੇ, ਜੋੜ ਪੱਕੇ, ਜੱਗ ਵਿੱਚ ਨਾ ਜਿਹਾ ਕੋਈ ਹੋਰ ਇਹਦੇ।
ਚੜ੍ਹਤਲ ਏਸ ਦੀ ਵੇਖ ਕੇ ਧਰਤ ਕੰਬੇ, ਸੀਨਾ ਦਹਿਲ ਜਾਂਦਾ ਆਸਮਾਨ ਦਾ ਸੀ।
ਸ਼ਾਹ-ਸਵਾਰ ਸੀ ਏਸ ਦਾ ਦਸਮੇਸ਼ ਸੂਰਾ, ਜਿਹਦੇ ਹਿਰਦੇ ਵਿਚ ਜੋਸ਼ ਤੂਫ਼ਾਨ ਦਾ ਸੀ।
ਕੌਣ ਇਸ ਜਿਹਾ ਆਗਿਆਕਾਰ ਜਗ ਤੇ, ਕਲਗੀ ਵਾਲੇ ਦਾ ਫ਼ਰਮਾਂ-ਬਰਦਾਰ ਸੀ ਇਹ।
ਸੂਝ ਬੂਝ ਰੱਬ ਨੇ ਬੇ-ਮਿਸਾਲ ਬਖ਼ਸ਼ੀ, ਭਾਵੇਂ ਪਸ਼ੂਆਂ ਦੇ ਵਿਚ ਸ਼ੁਮਾਰ ਸੀ ਇਹ।
ਖੜਾ ਹੁਕਮ ਨੂੰ ਸਦਾ ਉਡੀਕਦਾ ਸੀ, ਮਿੱਠੇ ਲਗਦੇ ਦਸਮੇਸ਼ ਦੇ ਬੋਲ ਉਸ ਨੂੰ।
ਜਦੋਂ ਪਿਆਰਾਂ ਦੇ ਸ਼ਹਿਨਸ਼ਾਹ ਦੇਂਵਦੇ ਸੀ, ਥਪਕੀ ਪਿਆਰ ਦੀ ਜਾ ਕੇ ਕੋਲ ਉਸ ਨੂੰ।
ਜਦੋਂ ਵਿਚ ਰਕਾਬ ਦੇ ਪੈਰ ਪਾ ਕੇ, ਚੜ੍ਹਨ ਲਈ ਦੂਜਾ ਪੈਰ ਚੁੱਕਦੇ ਸਨ–
ਪਤਲੀ ਕਮਰ ਨੂੰ ਹੇਠਾਂ ਝੁਕਾ ਲੈਂਦਾ, ਵੇਖ ਵੇਖ ਦਰਸ਼ਕ ਉਂਗਲਾਂ ਟੁੱਕਦੇ ਸਨ।
ਮਾਰ ਜਦੋਂ ਪਲਾਕੀ ਅਸਵਾਰ ਹੁੰਦੇ, ਛਾਲਾਂ ਮਾਰਦਾ ਦਿੱਸੇ ਜੁਆਨ ਨੀਲਾ।
ਝੁਕ ਝੁਕ ਕਰਨ ਸਲਾਮਾਂ ਫ਼ਰੇਸ਼ਤੇ ਵੀ, 'ਮਿਤਰ' ਕਹਿਨ ਸੁਬਹਾਨ ਸੁਬਹਾਨ ਨੀਲਾ।

www.AKJ.Org

# ੧੬੯੯ ਦੀ ਵਿਸਾਖੀ

[ਸ: ਅਤਰ ਸਿੰਘ ਜੀ 'ਨੀਰ' 62-ਸੈਨਕ ਵਿਹਾਰ, ਦਿੱਲੀ-3।]

ਸੋਲਾਂ ਸੌ ਨਨਿਆਨਵੇਂ ਦੀ ਆਈ ਵਿਸਾਖੀ,
ਸੰਗਤ ਜੋੜੀ ਕੇਸਗੜ੍ਹ ਦਸਮੇਸ਼ ਲਲਾਖੀ।
ਲਿਸ਼ਕਾ ਕੇ ਫਿਰ ਚੰਡਕਾ ਉਚੀ ਗੱਲ ਆਖੀ:
ਮਨਜ਼ਲ ਸਿੱਖੀ ਵਾਲੜੀ ਬੜੀ ਔਖੀ ਗਾਖੀ।
ਸਿਲ ਅਲੂਣੀ ਚਟਣੀ, ਨਹੀਂ ਮਿਠਾ ਮਾਖੀ,
ਸੀਸ ਹੈ ਮੰਗਦੀ ਤੇਗ ਮੇਰੀ ਹੋਈ ਲੋਹੀ ਲਾਖੀ ॥੧॥

ਸਿਦਕੀਓ, ਸਮਾਂ ਆ ਗਿਆ, ਕੁਰਬਾਨੀ ਮੰਗਾਂ,
ਖ਼ੂਨ ਪਵਿਤਰ ਤੁਸਾਂ ਦਾ, ਮੈਂ ਚੰਡੀ ਰੰਗਾਂ।
ਵਰਣ-ਜਾਤ ਤੇ ਬੁਜ਼ਦਿਲੀ ਦਾ ਕਰਨਾ ਕੰਘਾ,
ਜੀਵਨ ਦਿਆਂ ਮੈਂ ਅਣਖ ਦਾ, ਸਵੈਮਾਣ ਸੁਰੰਗਾ।
ਰਾਜ ਮਿਲਖ ਸਿਕਦਾਰੀਆਂ ਠਾਠ ਸ਼ਾਹੀ ਚੰਗਾ।
ਭੌਰੇ ਸੜਨ ਲਈ ਸ਼ਮ੍ਹਾ ਤੇ ਨਹੀਂ ਕਰਦੇ ਸੰਗਾ ॥੨॥

ਕੌਮ ਬਨਾਣੀ ਇਸ ਤਰ੍ਹਾਂ ਦੀ ਅੱਜ ਸੰਗਰਾਮੀ,
ਲਾਹੁਣੀ ਚੰਬੜੀ ਸਦੀਆਂ ਦੀ ਜਿਸ ਗਲੋਂ ਗ਼ੁਲਾਮੀ।
ਸਾਮਰਾਜ ਦੇ ਮੂੰਹ ਵਿਚ ਦੇ ਕੇ ਲਗਾਮੀ,
ਫੀਤਾ ਫੀਤਾ ਕਰਨੀ ਜਿਉਂ ਭੰਨੀ ਤਰਾਮੀ।
ਚਮਕਾਵਾਂ ਸਹਿਮੇ ਚੇਹਰਿਆਂ ਨੂੰ ਲਾਲ ਗਰਾਮੀ,
ਕਿ ਝੁਕ ਝੁਕ ਬਾਦਸ਼ਾਹੀਆਂ ਦੇਣ ਸਲਾਮੀ ॥੩॥

ਅੰਮ੍ਰਿਤ ਦਾ ਘੁਟ ਪੀ ਕੇ ਲਵੋ ਤੇਜ ਕਰਾਰਾ,
ਚੜ੍ਹਦੀ ਕਲਾ ਵਰਯਾਮਗੀ ਦਾ ਉਚਾ ਨਾਹਰਾ।
ਧਰਤ ਅਕਾਸ਼ ਗੂੰਜਾਵਣਾ ਸਿਖ ਦਾ ਜੈਕਾਰਾ।
ਸ਼ਕਲ ਪਹਿਰਾਵਾ ਵਖਰਾ ਦੁਨੀਆ ਤੋਂ ਨਿਆਰਾ।
ਹੌਲਾ ਫੁਲਾਂ ਵਾਂਗਰਾਂ, ਪਰਬਤ ਤੋਂ ਭਾਰਾ।
ਦੁਖੀ ਦੀਨ ਗਰੀਬ ਦੀ ਜੀਵਨ-ਧਾਰਾ ॥੪॥

ਮੈਂ ਲਿਆਣੀ ਹਿੰਦੁਸਤਾਨ ਵਿਚ ਐਸੀ ਰੁਸ਼ਨਾਈ,
ਲਾਹੁਣੀ ਧੁਆਖੀ ਅਣਖ ਦੀ ਜਿਸ ਕਾਲੀ ਸਿਆਹੀ।
ਮੈਂ ਹਾਥੀਆਂ ਨਾਲ ਟਕਰਾਵਣਾ ਹੈ ਕੀੜੀਆਂ ਤਾਈਂ,
ਤੇ ਘੁਘੀਆਂ ਬਾਜ਼ ਮਧੋਲਣੇ ਜਿਉਂ ਦਭ ਤੇ ਕਾਹੀ।
ਸ਼ੇਰ ਫਿਰਨਗੇ ਗਿਦੜਾਂ ਤੋਂ ਜਾਨ ਲੁਕਾਈ।
ਵੇਖੋ ਮੇਰੀ ਕਹਿ ਰਹੀ ਸ਼ਮਸ਼ੀ ਘੁਮਾਈ ॥੫॥

ਛੱਟ ਰਹੇ ਬਦਲ ਜ਼ੁਲਮ ਦੇ, ਰਿਹਾ ਉਘੜ ਉਜਿਆਰਾ,
ਤਾਰ ਤਾਰ ਹੈ ਹੋ ਰਿਹਾ ਮੁਗਲਾਣੀ ਢਾਰਾ।
ਚੰਬਾ ਖਿੜਿਆ ਆਸ ਦਾ, ਦੇਇ ਮਹਿਕ-ਹੁਲਾਰਾ।
ਲਾਲੀ ਤੁਹਾਡੇ ਖ਼ੂਨ ਦੀ ਮਾਰੇ ਚਮਕਾਰਾ।
ਹਸਦੀ ਆ ਰਹੀ ਏਕਤਾ ਤੇ ਭਾਈਚਾਰਾ,
ਬਣ ਸਜਣ ਸਾਥੀ ਸਭ ਦਾ ਸਭਨਾਂ ਦਾ ਪਿਆਰਾ ॥੬॥

ਇਕ ਇਕ ਕਰ ਕੇ ਨਿਤਰੇ ਤਾਂ ਪੰਜ ਪਿਆਰੇ,
ਦਯਾ, ਧਰਮ, ਤੇ ਮੋਹਕਮ, ਹਿੰਮਤ ਲਿਸ਼ਕਾਰੇ।
ਪੰਜਵੇਂ ਦਿਤੇ ਸਾਹਿਬ ਨੇ ਆ ਨੂਰ ਨਜ਼ਾਰੇ,
ਹੌਕੇ ਹਾਵੇ ਮਿਟ ਗਏ ਜਿਉਂ ਸਰਘੀ ਤਾਰੇ।
ਧੌਣਾਂ ਹੋਈਆਂ ਉਚੀਆਂ, ਗਏ ਮਹਿਲ ਉਸਾਰੇ;
ਨਿਖਰਿਆ ਇਸਤਰ੍ਹਾ ਖਾਲਸਾ ਵਿਚ ਦੁਨੀਆ ਸਾਰੇ ॥੭॥

ਸਿੱਖੀ ਮਹਿਕਾਂ ਵੰਡੀਆਂ, ਵੰਡ ਵਿਤਕਰੇ ਤੋੜੇ,
ਅੰਮ੍ਰਿਤ ਬਖ਼ਸ਼ ਕੇ ਭਗਤੀ ਤੇ ਸ਼ਕਤੀ ਜੋੜੇ।
ਗੀਦੀ ਬੁਜ਼ਦਿਲ ਸ਼ੇਰ ਹੋਏ, ਭੈ ਭੂਤ ਮਰੋੜੇ,
ਕੁਰਬਾਨੀ ਨਾਲ ਦਲੇਰੀਆਂ ਉਤਸ਼ਾਹ ਝੰਜੋੜੇ।
ਤਣੀਆਂ ਛਾਤੀਆਂ 'ਨੀਰ' ਇਉਂ ਉਠ ਫੇਰੇ ਘੋੜੇ,
ਅਬਦਾਲੀ ਨਾਦਰ ਮੁਗਲਾਂ ਦੇ ਮੂੰਹ ਸਦਾ ਲਈ ਮੋੜੇ ॥੮॥

## ਸਿੱਖੀ ਦਾ ਕਰਤੱਵ

ਜੋ ਵੀ ਦੇਹਧਾਰੀ ਇਨਸਾਨ। ਹੈ ਉਹ ਬੰਦਾ, ਨਹੀਂ ਭਗਵਾਨ।
ਸਿੱਖ ਨਾ ਉਸਨੂੰ ਟੇਕੇ ਮੱਥਾ। ਨ ਹੀ ਪੂਜਾ, ਨ ਹੀ ਕਥਾ।
ਅਕਾਲ ਪੁਰਖ ਹੈ ਸਿਰਫ ਦਾਤਾਰ। ਸਾਰੇ ਜੱਗ ਦਾ ਸਿਰਜਨਹਾਰ।
ਗੋਰ ਮੜ੍ਹੀ ਮਸਜਿਦ ਤੇ ਮੰਦਰ। ਸਿੱਖ ਨ ਮੰਨੇ, ਜਾਏ ਨਾ ਅੰਦਰ।
ਦੇਵ ਦੇਵੀਆਂ ਦੇ ਜਗਰਾਤੇ। ਵਰਤ ਕਾਦਸੀ ਤੇ ਨਵਰਾਤੇ।
ਵਰਜਤ ਹਨ ਸਿੱਖਾਂ ਲਈ ਸਾਰੇ। ਸਿਖ ਦਾ ਗੁਰੂ, ਗੁਰੂ-ਦਵਾਰੇ।
ਸਿਗਰਟ ਬੀੜੀ ਨਸ਼ੇ ਨਕਾਰੇ। ਸਿੱਖ ਲਈ ਨੇ ਵਰਜਤ ਸਾਰੇ।
ਸਿਖ ਨਹੀਂ ਫਿਰਦਾ ਸਿਰ ਤੋਂ ਨੰਗਾ। ਕੇਸਾਂ ਵਿਚ ਜੋ ਕਰੇ ਨ ਕੰਘਾ,
ਖਿਲਰੇ ਰਹਿੰਦੇ ਉਸ ਦੇ ਕੇਸ। ਲੋਕੀਂ ਉਸਨੂੰ ਕਹਿਣ ਮਲੇਛ।
ਸਾਬਤ ਸੂਰਤ ਸਿਰ ਦਸਤਾਰ। 'ਨੀਰ' ਕਹੇ ਦੁਨੀਆ, ਸਰਦਾਰ।

www.AKJ.Org

# ਵੈਸਾਖੀ ੧੬੯੯ ਤੇ ਵੈਸਾਖੀ ੧੯੯੯

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਲੁਧਿਆਣਾ]

ਮਾਨਸਿਕ, ਆਤਮਿਕ ਤੇ ਸਰੀਰਕ ਸ਼ਕਤੀ–

੧੬੮੯ ਵਿਚ ਭੰਗਾਣੀ ਦੇ ਯੁੱਧ ਦੀ ਮਹਾਨ ਜਿੱਤ ਨੇ ਸਿੰਘ ਸੂਰਬੀਰਾਂ ਨੂੰ ਚਾਨਣ ਕਰ ਦਿੱਤਾ ਕਿ ਉਹ ਮਹਾਨ ਬਾਦਸ਼ਾਹੀ ਤੇ ਰਾਜਿਆਂ ਦੀਆਂ ਫੌਜਾਂ ਨੂੰ ਵੀ ਭਾਂਜ ਦੇ ਸਕਦੇ ਹਨ। ਉਹਨਾਂ ਨੂੰ ਆਪਣੀ ਸ਼ਕਤੀ ਤੇ ਭਰੋਸਾ ਹੋ ਗਿਆ। ਉਪਰੰਤ, ਗੁਰੂ ਜੀ ਨੇ ਨਦੌਣ ਤੇ ਅਨੰਦਪੁਰ ਸਾਹਿਬ ਦੀਆਂ ਲੜਾਈਆਂ ਜਿੱਤੀਆਂ। ਇਸ ਸਮੇਂ ਦਾ ਸਭ ਤੋਂ ਵੱਡਾ ਕਾਰਨਾਮਾ ਖਾਲਸੇ ਦੀ ਸਾਜਣਾ ਹੈ, ਜਿਸ ਦੇ ਨਤੀਜੇ ਵਜੋਂ ਅੱਜ ਵੀ ਅਸੀਂ ਸੰਸਾਰ ਦੇ ਹਰ ਖੇਤਰ ਵਿਚ ਆਪਣੀਆਂ ਵਿਸ਼ੇਸ਼ ਪ੍ਰਾਪਤੀਆਂ ਕਰਕੇ ਪ੍ਰਸਿੱਧ ਹਾਂ। ਇਸ ਸਮੇਂ ਤੱਕ ਸਿੱਖਾਂ ਨੂੰ ਅਸਚਰਜ ਮਾਨਸਿਕ ਤੇ ਆਤਮਕ ਸ਼ਕਤੀਆਂ ਪ੍ਰਾਪਤ ਹੋ ਚੁੱਕੀਆਂ ਸਨ। ਸਿੱਖ ਵੱਖਰੀ ਜਥੇਬੰਦੀ ਕਾਇਮ ਕਰ ਚੁੱਕੇ ਸਨ, ਪਰ ਇਨ੍ਹਾਂ ਸਾਰੀਆਂ ਸ਼ਕਤੀਆਂ ਤੇ ਗੁਣਾ ਨੂੰ ਸੰਗਠਿਤ ਕਰਕੇ ਸਿੱਖਾਂ ਨੂੰ ਵੱਖਰੀ ਬਲਵਾਨ ਕੌਮ ਸਾਜਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹਿੱਸੇ ਆਇਆ। ੩੦ ਮਾਰਚ ੧੬੯੯ ਨੂੰ ਵਿਸਾਖੀ ਵਾਲੇ ਦਿਨ ਪੰਜ ਪਿਆਰੇ ਚੁਣੇ, ਉਹ ਤਲਵਾਰ ਦੀ ਧਾਰ ਵਿਚੋਂ ਪੈਦਾ ਹੋਏ। ਸੱਚ ਪਾਤਸ਼ਾਹ ਨੇ ਉਨ੍ਹਾਂ ਨੂੰ ਖੰਡੇ ਦਾ ਅੰਮ੍ਰਿਤ ਛਕਾਇਆ ਅਤੇ ਉਹਨਾਂ ਕੋਲੋਂ ਆਪ ਛਕਿਆ :– ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥

ਜਾਤਾਂ ਦਾ ਭੇਦ ਮਿਟਾਇਆ। ਖਾਲਸਈ ਰਹਿਤ ਮਰਯਾਦਾ ਜਾਰੀ ਕੀਤੀ। ਸਿੱਖਾਂ ਵਿਚ ਪ੍ਰਸਪਰ ਪ੍ਰੇਮ ਉਤਪੰਨ ਕੀਤਾ। ਖਾਲਸੇ ਨੂੰ ਆਪਣਾ ਖਾਸ ਰੂਪ ਦੱਸਿਆ ਅਤੇ ਅਕਾਲ ਪੁਰਖ ਦੀ ਫ਼ੌਜ ਆਖਿਆ। ਗੁਰੂ ਖਾਲਸੇ ਵਿਚ ਤੇ ਖਾਲਸਾ ਗੁਰੂ ਵਿਚ ਅਭੇਦ ਹੋ ਗਿਆ। ਸਿਖ 'ਸਿੰਘ' ਬਣ ਗਏ। ਸੁੱਤੀਆਂ ਸ਼ਕਤੀਆਂ ਜਾਗ ਪਈਆਂ। ਖਾਲਸੇ ਨੇ ਆਪਣਾ ਮੂਲ ਪਛਾਣਿਆ, ਸਵੈ-ਭਰੋਸਾ ਅਪਣਾਇਆ, ਸੰਤ-ਸਿਪਾਹੀ ਬਣ ਗਿਆ। ਸਿੱਖ ਜਥੇਬੰਦੀ ਭਾਈਚਾਰੇ ਦਾ ਰੂਪ ਧਾਰਨ ਕਰ ਗਈ। ਇਹ ਗੁਣ ਅੱਜ ਵੀ ਸਿੱਖ ਪੰਥ ਵਿਚ ਕਾਇਮ ਹਨ। ਚੜ੍ਹਦੀ ਕਲਾ ਦਾ ਨਵਾਂ ਨਰੋਆ, ਨਿਰਾਲਾ ਪੰਥ ਸਾਜ ਕੇ ਧਰਤੀ ਤੇ ਧਾਂਕਾਂ ਪਾ ਦਿੱਤੀਆਂ।

ਪ੍ਰਭਾਵ–

ਖ਼ਾਲਸੇ ਦੀ ਸਥਾਪਨਾ ਸਦਕਾ ਭਾਰਤ ਦੀਆਂ ਚਾਰੇ ਕੂੰਟਾਂ ਵਿਚ ਸਵੈਮਾਨ ਤੇ ਸਵੈ-ਸ਼ਕਤੀ ਪ੍ਰਜੁਲਤ ਹੋਈ ਇਹੋ ਕਾਰਨ ਹੈ ਕਿ ਡਾਕਟਰ ਗੋਕਲ ਚੰਦ ਜੀ ਨਾਰੰਗ ਨੇ ਲਿਖਿਆ–

> "ਜੇ ਗੁਰੂ ਗੋਬਿੰਦ ਸਿੰਘ ਪੈਦਾ ਨਾ ਹੁੰਦੇ ਤਾਂ ਅੱਜ ਸਾਰੇ ਭਾਰਤ ਵਿਚ ਜਨੇਊ-ਧਾਰੀਆਂ ਦਾ ਅਭਾਵ ਹੁੰਦਾ।...ਉਹ ਮਨੁੱਖ ਜਿਨ੍ਹਾਂ ਨੇ ਕਦੇ ਕਿਰਪਾਨ ਨਹੀਂ ਛੋਹੀ ਸੀ, ਨਾ ਹੀ ਬੰਦੂਕ ਮੋਢੇ ਤੇ ਰੱਖੀ ਸੀ, ਗੁਰੂ ਜੀ ਦਾ ਪ੍ਰਭਾਵ ਕਬੂਲਦੇ ਹੋਏ, ਦਲੇਰ, ਨਿਡੱਰ ਤੇ ਬਲਵਾਨ ਜੋਧੇ ਬਣ ਗਏ। ਗੁਰੂ ਜੀ ਨੇ ਝਿਊਰਾਂ, ਨਾਈਆਂ ਤੇ ਚਮਾਰਾਂ ਨੂੰ ਵੀ ਸੈਨਾਪਤੀ ਬਣਾ ਦਿੱਤਾ, ਜਿਨ੍ਹਾਂ ਤੋਂ ਸਮੇਂ ਦੇ ਬਾਦਸ਼ਾਹ ਵੀ ਭੈ ਖਾਣ ਲੱਗੇ। ਆਪ ਨੇ ਮਰਿਆਂ ਨੂੰ ਜਿਵਾਇਆ।"

ਖ਼ਾਲਸੇ ਨੂੰ ਦੇਗ ਤੇਗ ਫਤਹ ਤੇ ਅਕਾਲ ਪੁਰਖ ਦੀ ਸਹਾਇਤਾ ਅਵੱਸ਼ ਮਿਲਦੀ ਰਹੀ। ਸਤਿਗੁਰੂ ਨਾਨਕ ਜੀ ਦਸਾਂ ਹੀ ਜਾਮਿਆਂ ਵਿਚ ਹਰ ਮੈਦਾਨ ਸਹਾਈ ਹੋਏ।

ਜਪੁ ਜੀ ਸਾਹਿਬ ਦੇ ਫੁਰਮਾਨ ਅਨੁਸਾਰ ਖਾਲਸੇ ਜੀ ਦੀ ਇਹ ਅਮਰ ਅਵਸਥਾ ਹੋ ਚੁਕੀ ਸੀ ਕਿ:–

ਨਾ ਓਹਿ ਮਰਹਿ ਨ ਠਾਗੇ ਜਾਹਿ ॥ ਜਿਨ ਕੈ ਰਾਮੁ ਵਸੈ ਮਨ ਮਾਹਿ ॥ (ਪਉੜੀ ੩੭)
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ ॥ ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ ॥ (ਪਉੜੀ ੩੬)

ਖਾਲਸਾ ਸੰਪੂਰਨ ਮਨੁੱਖ ਹੋ ਚੁੱਕਾ ਸੀ। ਉਹ ਆਦਰਸ਼ਕ ਮਾਨਵ ਦੀ ਜੀਂਦੀ ਜਾਗਦੀ ਵੰਨਗੀ ਤੇ ਨਮੂਨੇ ਦਾ ਪ੍ਰਤੀਕ ਸੀ। ਉਸ ਦੀ ਸੁਰਤ, ਮਤ, ਮਨ ਤੇ ਬੁਧੀ ਰੱਬੀ ਰਹਿਮਤਾਂ ਦੁਆਰਾ ਘੜੀ ਜਾ ਚੁੱਕੀ ਸੀ। ਸਿਖ ਸਾਹਿਤ



www.AKJ.Org

ਵਿਚ ਇਸ ਪ੍ਰੀਵਰਤਨ ਨੂੰ ਇਉਂ ਉਲੀਕਿਆ ਗਿਆ ਹੈ–

"ਗੁਰੂ ਨਾਨਕ ਜੀ ਦੇ ਨਾਮ-ਲੇਵਾ ਸਿੱਖਾਂ ਦੀ ਵਿਥਿਆ, ਇਕ ਅਕਾਲ ਪੁਰਖ ਦੇ ਨਿਰਭੈ ਪੁਜਾਰੀਆਂ, ਆਗਿਆਕਾਰ ਚਾਕਰਾਂ, ਲੋਕ ਸੇਵਕਾਂ, ਮਹਾਂ ਦਾਨੀਆਂ, ਅਮਰ ਸ਼ਹੀਦਾਂ, ਸਿਰਲਥ ਜੋਧਿਆਂ, ਪਾਵਨ ਸੰਤ ਸਿਪਾਹੀਆਂ, ਸੱਚ ਦਾ ਰਾਜ ਸਥਾਪਤ ਕਰਨ ਵਾਲਿਆਂ ਦੀ ਅਮਰ ਕਹਾਣੀ ਹੈ. ਜਿਸ ਪਿਛੋਂ ਅਨੇਕਾਂ ਸ਼ਹੀਦਾਂ, ਮੁਰੀਦਾਂ, ਦਰਵੇਸ਼ਾਂ, ਸੇਵਕਾਂ, ਰਣ-ਜੋਧਿਆਂ, ਸੂਰਬੀਰ ਸਿਪਾਹੀਆਂ ਤੇ ਨਾਮ ਜਪਣ ਵਾਲੇ ਸੰਤਾਂ, ਬ੍ਰਹਮ ਗਿਆਨੀਆਂ ਦੀ ਕਥਾ ਸ਼ੁਰੂ ਹੁੰਦੀ ਹੈ। ਇਹ ਸਾਰੀ ਕਥਾ, ਗੁਰੂ ਨਾਨਕ ਜੀ ਦੀ ਗਾਥਾ ਹੀ ਹੈ।"

ਇਤਿਹਾਸ ਕੌਮਾਂ ਦੀ ਜਿੰਦ ਜਾਨ ਹੁੰਦਾ ਹੈ। ਇਤਿਹਾਸਕ ਅਦੁਤੀ ਕਾਰਨਾਮਿਆਂ ਤੇ ਮਹਾਨ ਵਿਅਕਤੀਆਂ ਦੀਆਂ ਉਚੀਆਂ ਸੁਚੀਆਂ ਕਮਾਈਆਂ ਸਦਕਾ ਹੀ ਕੌਮਾਂ ਦੇ ਮਹਿਲ ਉਸਰਦੇ ਹਨ। ਜਿਸ ਕੌਮ ਦਾ ਇਤਿਹਾਸ ਸਾਹਸੀ, ਉਦਮੀ, ਅਣਖੀਲਾ, ਗੌਰਵਮਈ, ਚੜ੍ਹਦੀਆਂ ਕਲਾ ਭਰਪੂਰ ਤੇ ਮਹਾਨ ਜਿੱਤਾਂ ਤੇ ਪ੍ਰਾਪਤੀਆਂ ਦਾ ਸਮੁੱਚਾ ਤੇ ਸੁਚੱਜਾ ਸੰਗ੍ਰਹਿ ਹੈ, ਉਸ ਦੀਆਂ ਪ੍ਰਾਪਤੀਆਂ ਵਰਤਮਾਨ ਤੇ ਭਵਿੱਖ ਵਿਚ ਵੀ ਆਪਣੇ ਵਿਰਸੇ ਨੂੰ ਨਿਰਾ ਕਾਇਮ ਹੀ ਨਹੀਂ ਰੱਖਦੀਆਂ, ਸਗੋਂ ਉਸ ਦੇ ਵਿਕਾਸ ਲਈ ਯਤਨਸ਼ੀਲ ਰਹਿੰਦੀਆਂ ਹਨ। ਉਹਨਾਂ ਦੇ ਯਤਨ ਹਰ ਖੇਤਰ ਵਿਚ ਅਤੇ ਹਰ ਪੱਖ ਤੋਂ, ਭਾਵ, ਧਾਰਮਿਕ, ਸਮਾਜਿਕ, ਰਾਜਨੀਤਕ ਤੇ ਆਰਥਿਕ ਤੌਰ ਤੇ ਫਲੀਭੂਤ ਹੁੰਦੇ ਹਨ। ਦੂਸਰੀਆਂ ਗੁਆਂਢੀ ਕੌਮਾਂ ਖਾਲਸੇ ਵਾਂਗ ਇਸ ਲਈ ਪ੍ਰਫੁਲਤ ਨਹੀਂ ਹੋ ਸਕਦੀਆਂ ਕਿਉਂਕਿ ਉਹਨਾਂ ਦੇ ਜਤਨਾਂ ਤੇ ਕੋਸ਼ਿਸ਼ਾਂ ਲਈ ਠੋਸ ਇਤਿਹਾਸਕ ਨੀਂਹਾਂ ਦੀ ਅਣਹੋਂਦ ਹੈ। ਉਹਨਾਂ ਨੂੰ ਬਲਵਾਨ ਤੇ ਜਵਾਨ ਇਤਿਹਾਸਕ ਵਿਰਸਾ ਹਾਸਲ ਨਹੀਂ ਹੋਇਆ ਹੁੰਦਾ। ਨਤੀਜਾ ਇਹ ਹੁੰਦਾ ਹੈ ਕਿ ਉਹ ਸ਼ਕਤੀਵਾਨ ਤੇ ਹਿੰਮਤੀ ਲੋਕਾਂ ਨਾਲ ਈਰਖਾ ਕਰ ਕੇ ਉਹਨਾਂ ਨੂੰ ਡੇਗਣਾ ਤੇ ਢਾਹੁਣਾ ਚਾਹੁੰਦੀਆਂ ਹਨ।

੧੯੯੯ ਦੀ ਵਿਸਾਖੀ–

ਲੇਖਕ ਜੀ ਲਿਖਦੇ ਹਨ ਕਿ ੧੯੯੯ ਵਿਚ ਭੰਗਾਣੀ ਯੁਧ ਦੀ ਯਾਦ ਵਿਚ ਖ਼ਾਲਸਈ ਸ਼ਾਨਾਂ ਤੇ ਰਵਾਇਤਾਂ ਅਨੁਸਾਰ ੩੦੦ ਸਾਲਾ 'ਫ਼ਤਹ ਅਵਸਰ" ਮਨਾਇਆ ਗਿਆ ਅਤੇ ਸ੍ਰੀ ਹਰਿਮੰਦਰ ਦਰਬਾਰ ਸਾਹਿਬ ਦਾ ਸਥਾਪਨਾ ਅਤੇ ਰਚਨਾ ਦਾ ੪੦੦ ਸਾਲਾ ਸਮਾਗਮ ਰਚਿਆ ਗਿਆ, ਅਤੇ ਇਸੇ ਤਰ੍ਹਾਂ ਕਈ ਇਤਿਹਾਸਕ ਯਾਦਾਂ ਨੂੰ ਧੂਮ ਧਾਮ ਨਾਲ ਮਨਾਏ ਜਾਣ ਦੇ ਉਦਮ ਹਨ। ਇਸੇ ਤਰ੍ਹਾਂ ਹੁਣ ੧੯੯੯ ਦੀ ਵੈਸਾਖੀ ਸਮੇਂ ਖਾਲਸਾ ਪੰਥ ਦੀ ਸਿਰਜਨਾ ਦਾ ੩੦੦ ਸਾਲਾ ਉਤਸ਼ਵ ਗੁਰਦੁਆਰਿਆਂ, ਸਕੂਲਾਂ-ਕਾਲਜਾਂ, ਘਰ ਘਰ, ਦੁਕਾਨਾਂ, ਬਜ਼ਾਰਾਂ, ਕਾਰਖ਼ਾਨਿਆਂ, ਹਸਪਤਾਲਾਂ, ਅੱਡਿਆਂ ਦੇ ਚੌਂਕਾਂ ਆਦਿ ਵਿਖੇ ਸਟੇਜਾਂ, ਲਿਖਤਾਂ, ਡਰਾਮਿਆਂ, ਖੇਡਾਂ, ਜਲਸਿਆਂ-ਜਲੂਸਾਂ ਅਤੇ ਹੋਰ ਵਧ ਤੋਂ ਵਧ ਸਾਧਨਾਂ ਰਾਹੀਂ ਮਨਾਇਆ ਜਾਣਾ ਚਾਹੀਦਾ ਹੈ। ਇਸ ਨਾਲ ਖਾਲਸੇ ਦਾ ਬੋਲ-ਬਾਲਾ ਤੇ ਚੜ੍ਹਦੀ ਕਲਾ ਹੋਵੇਗੀ, ਆਦਿ।

ਸੋਚਣ ਤੇ ਵਿਚਾਰਨ ਵਾਲੀ ਗੱਲ ਹੈ ਕਿ ਹੁਣ ਤਕ ਇਹ ਤਿੰਨ ਸੌ, ਚਾਰ ਸੌ ਸਾਲਾ ਆਦਿ ਇਤਿਹਾਸਕ ਮਹਾਨਤਾ ਵਾਲੇ ਅਨੇਕਾਂ ਯਾਦਾਂ ਬੜੀ ਧੂਮ ਧਾਮ ਤੇ ਸ਼ਾਨੋ ਸ਼ੌਕਤ ਨਾਲ ਮਨਾਏ ਜਾਣ ਨਾਲ ਕਿੰਨੀ ਕੁ ਖਾਲਸੇ ਦੀ ਚੜ੍ਹਦੀ ਕਲਾ ਹੋਈ ਹੈ? ਕਿੰਨਾ ਕੁ ਖਾਲਸੇ ਦਾ ਬੋਲ-ਬਾਲਾ ਹੋਇਆ ਹੈ? ਕਿੰਨਾ ਕੁ ਖਾਲਸਾ 'ਖਾਲਸ' ਹੋ ਕੇ ਦਸਮੇਸ਼ ਪਾਤਸ਼ਾਹ ਜੀ ਦੀ ਇਸ ਘਸਵਟੀ ਤੇ ਪੂਰਾ ਉਤਰਿਆ ਹੈ–

ਪੂਰਨ ਜੋਤਿ ਜਗੈ ਘਟ ਮੈ ਤਬ ਖਾਲਸ ਤਾਹਿ ਨਿਖਾਲਸ ਜਾਨੈ॥ (ਤ੍ਰੇਤੀ ਸਵੱਯੇ)

ਇਸ ਸੰਬੰਧ ਵਿਚ ਨਿੰਮਰਤਾ ਸਹਿਤ ਬੇਨਤੀ ਹੈ ਕਿ ਨਿਰਾ ਲੈਕਚਰਾਂ, ਕੀਰਤਨ-ਦਰਬਾਰਾਂ, ਸ਼ਾਨਦਾਰ ਚੜ੍ਹਤ ਵਾਲੇ ਜਲੂਸਾਂ, ਪ੍ਰਭਾਤ-ਫੇਰੀਆਂ, ਇਤਿਹਾਸਕ ਡਰਾਮਿਆਂ ਅਤੇ ਹੋਰ ਇਸ ਤਰ੍ਹਾਂ ਦੇ ਅਨੇਕਾਂ ਢੰਗਾਂ ਨਾਲ ਖਾਲਸੇ ਦੀ ਚੜ੍ਹਦੀ ਕਲਾ ਨਹੀਂ ਹੋ ਸਕਦੀ ਅਤੇ ਨਾ ਹੀ ਸਿਖ ਇਤਿਹਾਸ ਤੇ ਸਿਖ ਫ਼ਿਲਾਸਫ਼ੀ ਦੀਆਂ ਨਿਰੀਆਂ ਦਿਮਾਗੀ ਸੋਚ ਵਾਲੀਆਂ ਲਿਖਤਾਂ ਨੇ ਹੀ ਕੁਝ ਸਵਾਰਨਾ ਹੈ।

ਇਹ ਸਾਰਾ ਕੁਝ ਜੋ ਹੋ ਰਿਹਾ ਹੈ, ਇਹ ਨਿਰਾ ਮਾਇਆ-ਜਾਲ ਹੈ, ਹਉਮੈ ਦਾ ਪਸਾਰਾ ਹੈ, ਬਾਹਰਮੁਖੀ



www.AKJ.Org

ਗੁਰਮਤੀ ਕਦਰਾਂ–

# ਗੁਰਸਿੱਖੀ ਬਾਰੀਕ ਹੈ–(੨)

[ਪ੍ਰੋ: ਗੁਰਮੁਖ ਸਿੰਘ ਜੀ]

ਗੁਰਤਾ ਦੀ ਜ਼ਿਮੇਵਾਰੀ ਦੇਣ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਜਦੋਂ ਆਪਣੀ ਉਮਤ (ਪੰਥ) ਦੀਪਰਖ ਕਰ ਰਹੇ ਸਨ ਤਾਂ ਆਪ ਜੰਗਲ-ਬੀਆਬਾਨ ਵੱਲ ਜਾ ਨਿਕਲੇ ਸਨ। ਸ਼ਰਧਾਲੂ ਸਿਖ ਪਿਛੇ ਨੱਠੇ ਜਾ ਰਹੇ ਸਨ। ਬਹੁਤ ਸਾਰੇ ਤਾਂ 'ਭਰਮ' ਦਾ ਸ਼ਿਕਾਰ ਹੋਏ ਕਿ ਖ਼ਬਰੇ ਪਾਤਸ਼ਾਹ ਨੂੰ ਅੱਜ ਕੀ ਹੋ ਗਿਆ ਹੈ। ਅਖ਼ੀਰ ਨੂੰ ਕੇਵਲ ਭਾਈ ਲਹਿਣਾ ਜੀ ਹੀ ਰਹਿ ਗਏ। ਸਤਿਗੁਰਾਂ ਦਾ ਸਰੂਪ ਬੜਾ ਭਿਆਨਕ ਬਣਿਆ ਹੋਇਆ ਸੀ। ਇਕ ਮੁਰਦਾ ਉਥੇ ਨਜ਼ਰੀਂ ਪਿਆ। ਹੁਕਮ ਹੋਇਆ, "ਪੁਰਖਾ, ਉਪਰ ਕਪੜਾ ਪਾ।" ਜੋ ਪਰਨਾ ਭਾ: ਲਹਿਣਾ ਜੀ ਪਾਸ ਸੀ, ਉਹ ਉਸ ਉਤੇ ਪਾ ਦਿਤਾ। ਫਿਰ ਹੁਕਮ ਹੋਇਆ, "ਇਹ ਮੁਰਦਾ ਖਾ।" ਭਾਈ ਲਹਿਣਾ ਜੀ ਨੇ ਕੋਈ ਹੀਲ ਹੁਜਤ ਨਾ ਕੀਤੀ ਅਤੇ ਹੱਥ ਜੋੜ ਕੇ ਬੇਨਤੀ ਕੀਤੀ, "ਪਾਤਸ਼ਾਹ, ਜਿਵੇਂ ਆਪ ਆਗਿਆ ਕਰੋ, ਸੇਵਕ ਹਾਜ਼ਰ ਹੈ। ਆਗਿਆ ਦੇਵੋ ਕਿ ਕਿਹੜੇ ਪਾਸੇ ਵਲੋਂ ਖਾਵਾਂ, ਸਿਰ ਵਲੋਂ ਜਾਂ ਪੈਰਾਂ ਵਲੋਂ ?"

ਸਤਿਗੁਰੂ ਜੀ ਤਾਂ ਪਰਖ ਹੀ ਕਰ ਰਹੇ ਸਨ। ਉਹ ਕਦਾਚਿਤ ਆਪਣੇ ਪਿਆਰੇ ਸਿਖ ਨੂੰ ਮੁਰਦਾ ਨਹੀਂ ਸੀ ਖੁਆਉਣਾ ਚਾਹੁੰਦੇ। ਇਸ ਪਰਖ ਵਿਚੋਂ ਭਾਈ ਲਹਿਣਾ ਜੀ ਨੇ ਆਪਣੀ ਪੂਰਨ ਸਿਦਕ-ਦਿਲੀ ਦਾ ਸਬੂਤ ਦਿਤਾ ਅਤੇ ਰਤਾ ਜਿੰਨੇ ਨਾ ਡੋਲੇ। ਉਨ੍ਹਾਂ ਨੂੰ ਆਪਣੇ ਸਤਿਗੁਰੂ ਤੇ ਪੂਰਾ ਭਰੋਸਾ ਸੀ। ਇਸ ਘਟਨਾ ਤੋਂ ਪਤਾ

---

[ਸਫਾ ੨੫ ਦੀ ਬਾਕੀ] ਦਿਖਾਵਾ ਹੈ। ਇਸ ਨਾਲ ਚੌਧਰਾਂ ਤੇ ਖ਼ੁਦਗਰਜ਼ੀਆਂ ਦੀ ਭੁੱਖ ਹੀ ਪੂਰੀ ਕੀਤੀ ਜਾ ਰਹੀ ਹੈ, ਕੌਮੀ ਆਚਰਨ ਨਹੀਂ ਉਸਾਰਿਆ ਜਾ ਰਿਹਾ।

ਜਦ ਤਕ ਕੌਮ ਦਾ ਆਚਰਨ ਉੱਚਾ ਸੁੱਚਾ ਨਹੀਂ ਹੁੰਦਾ, ਜਦ ਤਕ ਕੌਮ ਦਾ ਖਾਣ, ਪਹਿਰਨ, ਚਾਲ-ਢਾਲ, ਵਰਤੋਂ ਵਿਹਾਰ, ਗੁਰੂ-ਆਸ਼ੇ ਅਨੁਸਾਰ ਨਹੀਂ ਹੁੰਦਾ, ਜਦ ਤਕ ਖਾਲਸਾ ਹਿਰਦਿਓਂ ਅੰਤਰ-ਆਤਮਿਓਂ ਗੁਰੂ ਦਾ ਲੜ ਨਹੀਂ ਫੜਦਾ, ਜਦ ਤਕ ਖਾਲਸਾ ਸਦਾਉਣ ਵਾਲੇ ਸਿਖ ਕੁਰਸੀਆਂ ਤੇ ਵਜ਼ੀਰੀਆਂ ਦੀ ਝਾਕ ਨਹੀਂ ਛਡਦੇ, ਉਦੋਂ ਤਕ ਖਾਲਸੇ ਦਾ ਬੋਲ ਬਾਲਾ ਕਿਵੇਂ ਹੋ ਸਕਦਾ ਹੈ ? ਕਿਥੇ ਤਾਂ ਖਾਲਸਾ ਨਵਾਬੀਆਂ ਨੂੰ ਲੱਤ ਮਾਰਦਾ ਫਿਰਦਾ ਸੀ ਅਤੇ ਕਿਥੇ ਅਜ ਦੇ ਅਖੌਤੀ ਸਿਖ ਹਨ, ਜੋ ਨਿਜੀ ਖ਼ੁਦਗਰਜ਼ੀਆਂ ਅਤੇ ਵਜ਼ੀਰੀਆਂ ਆਦਿ ਪ੍ਰਾਪਤ ਕਰਨ ਪਿਛੇ ਕੌਮ ਨੂੰ ਵੇਚਣਾ ਲਾਈ ਬੈਠੇ ਹਨ।

ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੇ ਇਕ ਲੇਖ "ਜਗਦੇ ਦੀਵੇ ਤੋਂ ਦੀਵਾ" ਵਿਚ ਲਿਖਿਆ ਹੈ ਕਿ ਕੌਮ ਨੂੰ ਉਚਾ ਲਿਜਾਣ ਲਈ ਜਗਦੇ ਦੀਵਿਆਂ ਦੀ ਲੋੜ ਹੈ। ਜਗਦਾ ਦੀਵਾ ਹੀ ਦੂਜੇ ਦੀਵਿਆਂ ਨੂੰ ਜਗਾ ਸਕਦਾ ਹੈ, ਦੂਜਿਆਂ ਨੂੰ ਰੌਸ਼ਨੀ ਦੇ ਸਕਦਾ ਹੈ। ਬੁਝਿਆ ਹੋਇਆ ਦੀਵਾ ਕਿਸੇ ਦੂਸਰੇ ਨੂੰ ਚਾਨਣਾ ਨਹੀਂ ਦੇ ਸਕਦਾ। ਜਿਨ੍ਹਾਂ ਪ੍ਰਚਾਰਕਾਂ, ਰਾਗੀਆਂ, ਵਿਦਵਾਨਾਂ, ਗ੍ਰੰਥੀਆਂ ਅਤੇ ਪੰਥਕ ਮੁਖੀਆਂ ਦਾ ਆਪਣਾ ਜੀਵਨ ਗੁਰੂ-ਆਸ਼ੇ ਅਨੁਸਾਰ ਉਚਾ ਸੁਚਾ ਅਤੇ ਸਿਮਰਨ-ਸੇਵਾ ਦੀ ਕਮਾਈ ਵਾਲਾ ਨਹੀਂ, ਉਨ੍ਹਾਂ ਦੀ ਕਹਿਣੀ, ਕਥਨੀ, ਲੇਖਣੀ ਕਿਵੇਂ ਦੂਜਿਆਂ ਨੂੰ ਉਭਾਰ ਸਕਦੀ ਹੈ ? ਗੁਰਮਤਿ ਵਿਚ ਕਹਿਣੀ-ਕਥਨੀ ਨਾਲੋਂ ਕਰਣੀ ਪ੍ਰਧਾਨ ਹੈ। ਸੋ ਕਰਣੀ ਕਮਾਈ ਅਤੇ ਨਾਮ-ਸਿਮਰਨ ਤੇ ਸੇਵਾ ਭਾਵ ਵਾਲੇ ਨਿਰਮਾਣ ਗੁਰਸਿਖਾਂ ਦੇ ਪਵਿਤਰ ਜੀਵਨ ਹੀ ਹੋਰ ਗੁਰਸਿਖਾਂ ਨੂੰ ਗੁਰੂ-ਮਾਰਗ ਵਲ ਚਲਣ ਲਈ ਪ੍ਰੇਰ ਸਕਦੇ ਹਨ। ਐਸੇ ਪਵਿਤਰ ਜੀਵਨ ਵਾਲਿਆਂ ਦੀ ਸੰਗਤ ਵਿਚੋਂ ਹੀ ਦੂਜਿਆਂ ਨੂੰ 'ਲਾਗ' ਲਗ ਸਕਦੀ ਹੈ। ਐਸੀ ਸੰਗਤ ਪ੍ਰਾਪਤ ਕਰਨ ਲਈ ਟੀ.ਵੀ. ਦੀਆਂ ਫਿਲਮਾਂ ਅਤੇ ਕਈ ਤਰ੍ਹਾਂ ਦੀਆਂ ਮਜਲਸਾਂ ਅਤੇ ਸ਼ੋ-ਸ਼ਾ ਆਦਿ ਛਡਣੇ ਪੈਂਦੇ ਹਨ। ਜਦੋਂ ਖ਼ਾਲਸਾ ਸਹੀ ਅਰਥਾਂ ਵਿਚ ਨਾਮ-ਸਿਮਰਨ, ਗੁਰਬਾਣੀ ਅਤੇ ਸੇਵਾ ਭਾਵ ਵਾਲਾ ਜੀਵਨ ਧਾਰਨ ਕਰ ਲਏਗਾ ਅਤੇ ਖ਼ਾਲਸੇ ਦੇ ਘਟ ਅੰਤਰ ਪੂਰਨ ਜੋਤਿ ਪ੍ਰਜੁਲਤ ਹੋਵੇਗੀ ਓਦੋਂ ਲੇਖਕ ਦੇ ਲਿਖੇ ਅਨੁਸਾਰ ਵਾੜ ਵਾੜ ਵਿਚ ਕੇਸਰੀ ਬਾਣੇ ਵਾਲਾ ਅੰਮ੍ਰਿਤਧਾਰੀ ਸਿੰਘ ਗੱਜੇਗਾ। ਫਿਰ ਖਾਲਸੇ ਨੂੰ ਕੋਈ ਕੁਚਲ ਨਹੀਂ ਸਕੇਗਾ, ਕੋਈ ਬੰਦੀਵਾਨ ਨਹੀਂ ਬਣਾ ਸਕੇਗਾ, ਕੋਈ ਖਾਲਸੇ ਤੇ ਕਹਿਰ ਨਹੀਂ ਢਾਹ ਸਕੇਗਾ। ਸਗੋਂ ਹਰ ਕੋਈ ਸਤਿਕਾਰ ਕਰੇਗਾ। ਬਸ, ਓਦੋਂ ਹੀ ਖਾਲਸੇ ਦੀ ਸ਼ਕਤੀ ਪਰਚੰਡ ਹੋ ਕੇ ਉਭਰੇਗੀ।



www.AKJ.Org

ਲਗਦਾ ਹੈ ਕਿ ਸਿੱਖੀ ਇਤਨੀ ਬਾਰੀਕ ਹੈ।

ਦੂਜੀ ਘਟਨਾ ੧੬੯੯ ਦੀ ਅਨੰਦਪੁਰ ਸਾਹਿਬ ਦੀ ਵਿਸਾਖੀ ਦੀ ਹੈ। ਇਸ ਤੋਂ ਪਹਿਲਾਂ ਸਤਿਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਇਉਂ ਲਿਖਿਆ–

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ, ਕਾਣਿ ਨ ਕੀਜੈ ॥ ੨੦ ॥ (ਪੰਨਾ ੧੪੧੨)

ਲਗ ਪਗ ਦੋ ਸੌ ਸਾਲ ਸਿੱਖ ਇਹਨਾਂ ਤੁਕਾਂ ਦਾ ਪਾਠ ਕਰਦੇ ਰਹੇ। ੧੬੯੯ ਦੀ ਵਿਸਾਖੀ ਵਾਲੇ ਦਿਨ ਦਸਵੇਂ ਗੁਰੂ ਨਾਨਕ ਨੇ ਫਿਰ ਸਿੱਖ ਦੀ ਪਰਖ ਕਰਨ ਦੀ ਠਾਨ ਲਈ। ਦੂਰਾਂ ਦੂਰਾਂ ਤੋਂ ਸਿੱਖਾਂ ਨੂੰ ਸੱਦੇ ਭੇਜ ਕੇ ਮਹਾਨ ਇਕੱਠ ਕੀਤਾ ਗਿਆ। ਸਿੱਖਾਂ ਨੂੰ ਇਹੋ ਖ਼ਿਆਲ ਸੀ ਕਿ ਪਹਿਲਾਂ ਵਾਂਗ ਹੀ ਸਭ ਕੁਝ ਸ਼ਾਂਤੀ ਪੂਰਬਕ ਹੋ ਜਾਏਗਾ, ਕੀਰਤਨ ਦਰਬਾਰ, ਢਾਢੀ ਦਰਬਾਰ, ਅਤੇ ਗੁਰ ਉਪਦੇਸ਼ ਹੋਵੇਗਾ, ਫਿਰ ਉਹ ਸੁਖ ਸਾਂਦ ਨਾਲ ਗੁਰੂ ਕੀਆਂ ਖ਼ੁਸ਼ੀਆਂ ਲੈ ਕੇ ਘਰਾਂ ਨੂੰ ਪਰਤਣਗੇ। ਪਰ ਇਹ ਕੀ ਪਤਾ ਸੀ ਕਿ ਓਹੀ ਗੁਰੂ ਨਾਨਕ ਆਪਣੀ ੨੦੦ ਸਾਲ ਪਹਿਲਾਂ ਦੀ ਉਚਾਰੀ ਬਾਣੀ ਅਨੁਸਾਰ ਸਿਖ ਨੂੰ ਇਉਂ ਵੰਗਾਰੇਗਾ–'ਸਿਰੁ ਦੀਜੈ, ਕਾਣਿ ਨ ਕੀਜੈ।'

ਭਰੇ ਦੀਵਾਨ ਵਿਚ ਸ੍ਰੀ ਦਸਮੇਸ਼ ਜੀ ਨੇ ਕਿਸੇ ਵਿਸ਼ੇਸ਼ ਤਰੰਗ ਵਿਚ ਸ਼ਮਸ਼ੀਰ ਧੂਹ ਕੇ ਉਚੀ ਆਵਾਜ਼ ਕਿਹਾ, "ਮੈਨੂੰ ਇਕ ਸੀਸ ਚਾਹੀਦਾ ਹੈ।" ਸਤਿਗੁਰੂ ਜੀ ਦੀ ਇਹ ਗਰਜਵੀਂ ਗੂੰਜ ਸੁਣ ਕੇ ਕਈ ਸਿਖਾਂ ਦੇ ਦਿਲ ਦਹਿਲ ਗਏ ਅਤੇ ਕਈ ਕਮਜ਼ੋਰ ਦਿਲ ਤਾਂ ਦੀਵਾਨ ਵਿਚੋਂ ਖਿਸਕ ਤੁਰੇ। ਗੁਰੂ ਨਾਨਕ ਦੇਵ ਜੀ ਅਤੇ ਭਾਈ ਲਹਿਣੇ ਜੀ ਦੀ ਉਪਰ ਦਿੱਤੀ ਸਾਖੀ ਸਿਖ ਭਾਵੇਂ ਸੁਣਦੇ ਆਏ ਸਨ, ਪਰ ਉਦੋਂ ਬਾਅਦ ਹੁਣ ਦੀ ਵਿਸਾਖੀ ਤਕ ਕਦੀ ਕੋਈ ਅਜਿਹੀ ਡਰਾ ਦੇਣ ਵਾਲੀ ਪਰਖ ਸਿੱਖਾਂ ਦੀ ਨਹੀਂ ਹੋਈ ਸੀ ਕਿ ਗੁਰੂ ਹੀ ਉਠ ਕੇ ਆਪਣੀ ਤਲਵਾਰ ਨਾਲ ਬਿਨਾਂ ਕੋਈ ਕਾਰਨ ਦਸੇ ਆਪਣੇ ਸਿੱਖਾਂ ਦੇ ਹੀ ਸਿਰ ਵਢ ਦੇਵੇ। ਇਸ ਸਮਾਗਮ ਵਿਚ ਗੁਰਦੇਵ ਜੀ ਨੇ ਸਿੱਖੀ ਦੀ ਬਾਰੀਕੀ ਪਰਖਣੀ ਸੀ, ਤੇ ਵੇਖਣਾ ਜੋਖਣਾ ਸੀ ਸਿਖ ਦਾ ਆਪਣੇ ਗੁਰੂ ਪ੍ਰਤੀ ਅਟੁਟ ਸਿਦਕ। ਸੋਲ੍ਹਾਂ ਆਨੇ, ਸੌ ਫ਼ੀ ਸਦੀ ਗੁਰੂ ਤੇ ਭਰੋਸਾ ਰਖਣਾ, ਸਿਖ ਬਣਨ ਦੀ ਇਹ ਪਹਿਲੀ ਸ਼ਰਤ ਹੈ।

ਹਜ਼ਾਰਹਾਂ ਦੇ ਭਾਰੀ ਇਕੱਠ ਵਿਚੋਂ ਪਹਿਲਾ ਸਿਖ ਉਠਿਆ ਭਾਈ ਦਇਆ ਰਾਮ। ਸਤਿਗੁਰੂ ਜੀ ਨੇ ਅਚਰਜ ਕੌਤਕ ਵਰਤਾਇਆ ਅਤੇ ਲਹੂ ਨਾਲ ਲਿਬੜੀ ਤਲਵਾਰ ਫਿਰ ਦੀਵਾਨ ਵਿਚ ਲਿਸ਼ਕਾਉਂਦੇ ਹੋਏ ਆਏ ਅਤੇ ਇਕ ਹੋਰ ਸੀਸ ਦੀ ਮੰਗ ਕੀਤੀ। ਖ਼ੂਨ-ਚੋਂਦੀ ਤਲਵਾਰ ਵੇਖ ਕੇ ਚਾਰੇ ਪਾਸੇ ਸਹਿਮ ਛਾ ਗਿਆ। ਬਹੁਤ ਸਾਰੇ ਸਿਖ ਤਾਂ ਅੰਦਰੇ ਅੰਦਰ ਘਬਰਾਅ ਗਏ ਕਿ ਇਹ ਕੀ ਹੋਣ ਲਗੀ! ਮੌਤ ਦਾ ਡਰ ਕਈਆਂ ਦੇ ਸਿਦਕ ਡੁਲਾ ਗਿਆ। ਵਿਚੋਂ ਵਿਚ ਕਈ ਸਿਖ ਦੀਵਾਨ ਵਿਚੋਂ ਭਜਦੇ ਵੇਖੇ ਗਏ। ਪਰ ਸਿਦਕਵਾਨ ਗੁਰੂ ਕੇ ਸਿਖ ਸਤਿਗੁਰਾਂ ਦੇ ਚਲਿਤ ਵੇਖ ਕੇ ਦ੍ਰਿੜ੍ਹ ਹੁੰਦੇ ਵੀ ਨਜ਼ਰ ਆ ਰਹੇ ਸਨ ਅਤੇ ਸਤਿਗੁਰਾਂ ਵਲੋਂ ਸੀਸ ਦੀ ਮੰਗ ਸੁਣ ਕੇ ਇਕ ਇਕ ਕਰ ਕੇ ਪੰਜ ਸਿਦਕੀ ਸਿੰਘ ਨਿਤਰੇ, ਜਿਨ੍ਹਾਂ ਨੇ ਆਪੋ ਆਪਣੇ ਸੀਸ ਸਤਿਗੁਰਾਂ ਦੀ ਭੇਟ ਕਰ ਦਿਤੇ।

ਅਸਾਂ ਇਸ ਬਹਿਸ ਵਿਚ ਨਹੀਂ ਪੈਣਾ ਕਿ ਕੀ ਸਚੀਂ ਗੁਰੂ ਨੇ ਸਿਖਾਂ ਦੇ ਸੀਸ ਧੜ ਤੋਂ ਵਖ ਕੀਤੇ ਜਾਂ ਕੀ ਸਚੀਂ ਭਾਈ ਲਹਿਣਾ ਜੀ ਨੇ ਮੁਰਦਾ ਖਾਧਾ? ਸਤਿਗੁਰਾਂ ਨੇ ਜੋ ਗੱਲ ਪਰਦੇ ਵਿਚ ਰਖੀ, ਚਾਹੇ ਤੰਬੂ ਅੰਦਰ ਚਾਹੇ ਚਾਦਰੇ ਹੇਠਾਂ, ਉਹ ਸਾਡੀ ਨਜ਼ਰ ਤੋਂ ਓਹਲੇ ਹੀ ਰਖੀ। ਇਉਂ ਕਰਨ ਵਿਚ ਸਤਿਗੁਰੂ ਆਪਣੀ ਰਜ਼ਾ ਦੇ ਮਾਲਕ ਆਪ ਹਨ। ਅਸਲ ਗੱਲ ਇਹੋ ਹੈ ਕਿ ਗੁਰੂ ਸਾਹਿਬ ਤਾਂ ਸਿਖ ਦਾ ਈਮਾਨ ਪਰਖ ਰਹੇ ਸਨ, ਉਹ ਤਾਂ ਸਿੱਖੀ ਸਿਦਕ ਨੂੰ ਪਰਖਣ ਲਈ ਕਰੜੀ ਕਸਵਟੀ ਲਾ ਰਹੇ ਸਨ। ਦੋ ਸੌ ਸਾਲ ਤੋਂ ਸਿਖ ਇਹ ਪੜ੍ਹਦਾ ਸੁਣਦਾ ਆ ਰਿਹਾ ਸੀ :–

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ ॥੯॥ (ਪੰਨਾ ੯੧੮)

ਬਸ, ਸਤਿਗੁਰਾਂ ਇਹੋ ਪਰਖਣਾ ਸੀ ਕਿ ਕੀ ਸਿਖ ਆਪਣਾ ਸਭ ਕੁਛ ਗੁਰੂ ਉਤੋਂ ਵਾਰ ਸਕਦਾ ਹੈ। ਇਸ ਅਵਸਥਾ ਤੇ ਕਾਇਮ ਰਹਿਣ ਲਈ ਹੀ ਭਾਈ ਗੁਰਦਾਸ ਜੀ ਨੇ ਸਾਨੂੰ ਸਾਵਧਾਨ ਕੀਤਾ ਹੈ–

ਗੁਰਸਿਖੀ ਬਾਰੀਕ ਹੈ, ਖੰਡੇ ਧਾਰ ਗਲੀ ਅਤਿ ਭੀੜੀ ॥ (ਵਾਰ ੧੧, ਪਉੜੀ ੫)

www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੭)
# ਮੁਗ਼ਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

੧੨ ਮਈ ੧੭੧੦ ਈ: ਸਿਖ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਵਾਲਾ ਦਿਨ ਹੈ। ਮੁਗ਼ਲ ਰਾਜ ਦੀਆਂ ਫ਼ੌਜਾਂ ਨੂੰ ਖਾਲਸੇ ਹੱਥੋਂ ਚਪੜ-ਚਿੜੀ ਦੇ ਮੁਕਾਮ ਤੇ ਬੜੀ ਵਡੀ ਹਾਰ ਹੋਈ ਤੇ ਲਗਭਗ ਸਾਰੀ ਫ਼ੌਜ ਤਬਾਹ ਕਰ ਦਿਤੀ ਗਈ। ਸਰਹੰਦ ਖਾਲਸਾ ਰਾਜ ਵਿਚ ਸ਼ਾਮਲ ਕੀਤਾ ਗਿਆ। ੪੨ ਦੁਸ਼ਟਾਂ ਜ਼ਾਲਮਾਂ ਦੀ ਲਿਸਟ ਚੋਂ ਕੁਝ ਵਿਰਲੇ ਟਾਵੇਂ ਹੀ ਬਚੇ, ਬਾਕੀ ਸਭ ਤੈ-ਤੇਗ ਕਰ ਦਿਤੇ ਗਏ। ਸ਼ਹਿਰ ਦਾ ਕੁਝ ਹਿੱਸਾ ਛਡ ਕੇ ਬਾਕੀ ਬੁਰੀ ਤਰ੍ਹਾਂ ਬਰਬਾਦ ਹੋਇਆ। ਕਿਲ੍ਹੇ ਵਾਲੀ ਥਾਂ, ਜਿਥੇ ਅੱਜ ਗੁਰਦਵਾਰਾ ਫਤਹਗੜ੍ਹ ਸਾਹਿਬ ਸੁਸ਼ੋਭਤ ਹੈ, ਬੁਰੀ ਤਰ੍ਹਾਂ ਮਾਰ ਵਿਚ ਆਇਆ, ਪਰ ਇਸ ਦੇ ਬਿਲਕੁਲ ਲਾਗੇ ਹੀ ਮੁਜਦਦ ਅਲਫ਼ ਸਾਨੀ ਦੇ ਰੌਜ਼ੇ ਤੇ ਮਿਜ਼ਾਰ ਨੂੰ ਕੁਝ ਨਾ ਕਹਿਣਾ ਇਕ ਅਰਥ-ਭਰਪੂਰ ਗੱਲ ਹੈ ਕਿ ਸਭ ਸਿਆਪੇ ਦੀ ਜੜ੍ਹ ਦੇ ਨਿਸ਼ਾਨ ਨੂੰ ਬਖਸ਼ ਦਿਤਾ ਜਾਵੇ। ਇਸ ਸ਼ੇਖ ਸਰਹੰਦੀ ਨੇ ਸਿਖ ਧਰਮ ਨੂੰ ਖ਼ਤਮ ਕਰਨ ਲਈ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਵਾਇਆ ਸ । ਇਹ ਸਰਹੰਦੀ ਖਣਵਾਦਾ ਸਿਖ ਧਰਮ ਦਾ ਵੱਡਾ ਵੈਰੀ ਬਣਿਆ ਰਿਹਾ। ਮੁਗ਼ਲ ਬਾਦਸ਼ਾਹ ਜਹਾਂਗੀਰ ਤੋਂ ਲ ਉਸ ਤੋਂ ਪਿਛੋਂ ਹੋਣ ਵਾਲੇ ਸਾਰੇ ਬਾਦਸ਼ਾਹਾਂ ਦੀ ਮੱਤ ਭ੍ਰਿਸ਼ਟ ਕਰਕੇ ਤੁਅਸਬੀ ਤੇ ਜਨੂੰਨੀ ਬਣਾਉਣ ਵਾਲਾ ਇਹੋ ਟੱਬਰ ਸੀ। ਔਰੰਗਜ਼ੇਬ ਵੇਲੇ ਅਹਿਮਦ ਸਰਹੰਦੀ ਦੇ ਪੋਤਰਿਆਂ ਪ੍ਰੋਤੜਿਆਂ ਦੇ ਵਾਰੇ ਨਿਆਰੇ ਸਨ। ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਲੈ ਕੇ ਸਾਹਿਬਜ਼ਾਦਿਆਂ, ਮਾਤਾ ਜੀ ਤੇ ਅੰਤ ਵਿਚ ਗੁਰੂ ਗੋਬਿੰਦ ਸਿੰਘ ਜੀ ਨੂੰ ਸ਼ਹੀਦ ਕਰਾਉਣ ਪਿਛੇ ਇਹਨਾਂ ਦੀ ਸੋਚ ਤੇ ਇਹਨਾਂ ਦਾ ਗੁਝਾ ਹੱਥ ਹੀ ਕੰਮ ਕਰਦਾ ਰਿਹਾ ਸੀ। ਸਿੱਖਾਂ ਨਾਲ ਕਿਸੇ ਸਮੇਂ ਵੀ ਇਹਨਾਂ ਵੈਰ ਨਹੀਂ ਛਡਿਆ। ਬੰਦਾ ਸਿੰਘ ਚਾਹੁੰਦਾ ਤਾਂ ਇਸ ਤੁਅਸਬ ਦੇ ਜ਼ਹਿਰੀਲੇ ਸੋਮੇ ਨੂੰ ਸਦਾ ਲਈ ਸੰਸਾਰ ਚੋਂ ਮੁਕਾ ਦੇਂਦਾ, ਇਸ ਦਾ ਨਾਮੋ ਨਿਸ਼ਾਨ ਵੀ ਨਾ ਕਿਧਰੇ ਲਭਦਾ। ਇਸ ਨਾਲ ਉਵੇਂ ਹੀ ਕਰ ਸਕਦੇ ਸਨ ਜਿਵੇਂ ਪਿਛੋਂ ਸਿੰਘਾਂ ਨਸੀਰ ਖ਼ਾਂ ਜਲੰਧਰੀਏ ਨਾਲ ਕੀਤੀ ਸੀ, ਜਿਸ ਨੇ ਥੰਮ੍ਹ ਸਾਹਿਬ ਦੀ ਬੇਹੁਰਮਤੀ ਕੀਤੀ ਸੀ। ਬੰਦਾ ਸਿੰਘ ਦਾ ਇਹਨਾਂ ਨੂੰ ਕੁਝ ਨਾ ਕਹਿਣਾ ਸਿੰਘਾਂ ਦੇ ਉਦਾਰ-ਚਿਤ ਹੋਣ ਦੀ ਆਲ੍ਹਾ ਮਿਸਾਲ ਹੈ। (ਉਂਜ ਭਾਵੇਂ ਸ਼ੇਖ ਅਹਿਮਦ ਸਰਹੰਦੀ ਦਾ ਪੜਪੋਤਾ ਆਪਣੀਆਂ ਅਤੇ ਆਪਣੇ ਦਾਦਿਆਂ ਪੜਦਾਦਿਆਂ ਦੀਆਂ ਕਾਲੀਆਂ ਕਰਤੂਤਾਂ ਤੋਂ ਡਰਦਾ ਚੱਪੜ-ਚਿੜੀ ਦੀ ਲੜਾਈ ਤੋਂ ਪਹਿਲਾਂ ਹੀ ਆਪਣਾ ਬਾਲ-ਬੱਚਾ ਲੈ ਕੇ ਸਰਹੰਦੋਂ ਦਿਲੀ ਵੱਲ ਨੂੰ ਭਜ ਗਿਆ ਸੀ ਤੇ ਫਿਰ ਬਹਾਦਰ ਸ਼ਾਹ ਨੂੰ ਸਰਹੰਦ ਦੇ ਮੰਦੇ ਹਾਲ ਹੋਏ ਦਸਣ ਲਈ ਵਜ਼ੀਦ ਖ਼ਾਨ ਦੇ ਪੁਤਰ ਨਾਲ ਅਜਮੇਰ ਜਾ ਬਾਦਸ਼ਾਹ ਨੂੰ ਮਿਲਿਆ ਸੀ।)

ਇਸਲਾਮ ਦੇ ਵਾਧੇ ਦੀਆਂ ਡੀਂਗਾਂ ਮਾਰਨ ਵਾਲੇ ਤੇ ਖਾਲਸੇ ਨੂੰ ਕਾਫ਼ਰ ਕਾਫ਼ਰ ਕੂਕਣ ਵਾਲੇ ਜ਼ਰਾ ਕੁਝ ਪਲ ਸਰਹੰਦ ਟਿਕਦੇ ਤਾਂ ਪਤਾ ਲੱਗ ਜਾਂਦਾ ਕਿ ਡਰਨੀਆਂ ਚਾੜ੍ਹ ਚਾੜ੍ਹ ਬਾਦਸ਼ਾਹਾਂ ਨੂੰ ਤੁਅਸਬ ਵਿਚ ਅੰਨ੍ਹਿਆਂ ਕਰਕੇ ਉਸ ਹਥੋਂ ਮਾਸੂਮਾਂ ਦਾ ਖ਼ੂਨ ਡੁਲ੍ਹਵਾ, ਇਸਲਾਮ ਨੂੰ ਰੰਗ ਚੜ੍ਹਾਉਣਾ ਤੇ ਆਪਣਾ ਹਲਵਾ ਮੰਡਾ ਚਾਲੂ ਰਖਣਾ ਕਿਸ ਭਾਅ ਪੈਂਦਾ ਸੀ ? ਇਸਲਾਮ ਦੇ ਨਫ਼ੇ ਤੇ ਵਾਧੇ ਲਈ ਜੇ ਈਮਾਨਦਾਰੀ ਹੁੰਦੀ ਤਾਂ ਹੱਕ ਤੇ ਫ਼ਰਜ਼ ਬਣਦਾ ਸੀ ਕਿ ਸ਼ਸਤਰ ਬੰਨ ਕੇ ਚੱਪੜ-ਚਿੜੀ ਦੇ ਮੈਦਾਨ ਵਿਚ ਸਨਮੁਖ ਹੋ ਕੇ ਜੂਝ ਮਰਦੇ, ਜਾਂ ਸ਼ਹਿਰ ਦੀ ਹਿਫ਼ਾਜ਼ਤ ਕਰਦੇ ਮਰ ਜਾਂਦੇ। ਜਿਵੇਂ ਹੋਰਨਾਂ ਦੇ ਬੱਚੇ ਮਰਵਾਏ ਸਨ, ਅਸਲਾਮ ਲਈ ਜ਼ਰਾ ਆਪਣੇ ਵੀ ਮਰਵਾ ਕੇ ਵੇਂਹਦੇ ਕਿ ਕਿੰਨਾ ਕੁ ਰੰਗ ਬਝਦਾ ਹੈ ? ਬੱਚੇ ਮਰਵਾਉਣ ਨੂੰ ਜੀ ਨਹੀਂ ਸੀ ਕਰਦਾ ਤਾਂ ਇਕ ਅੱਧਾ ਬੁਢਾ ਹੀ ਮਰਵਾ ਕੇ ਵੇਖ ਲੈਂਦੇ ਕਿ ਇਸਲਾਮ ਤੇ ਕਿੰਨਾ ਕੁ ਜੋਬਨ ਆਉਂਦਾ ਹੈ ! ਉਸ ਵੇਲੇ ਤਾਂ ਖ਼ਵਾਜਾ ਮਾਸੂਮ-ਟੱਬਰ ਦੇ ਕਿੰਨੇ ਹੀ ਜੀਅ ਕੀੜਿਆਂ ਵਾਂਗ ਤੁਰੇ ਫਿਰਦੇ ਸਨ। ਗੱਲਾਂ ਕਰਨ ਸੁਖਾਲੀਆਂ, ਔਖੇ ਪਾਲਣੇ ਬੋਲ। ਪਰ ਕੌਣ ਮਰਦਾ ? ਮਰਨ ਲਈ ਹੁਣ ਤਕ ਮੂਰਖ ਬਣਾਏ ਮੁਸਲਮਾਨ ਥੋੜੇ ਸਨ ? ਇਹ ਖਾਲਸੇ ਨੂੰ ਹੀ ਤੌਫ਼ੀਕ ਹੈ ਕਿ ਜੋ ਸ਼ਸਤਰ ਬੰਨ੍ਹ ਕੇ ਮੂਹਰੇ ਨਹੀਂ



www.AKJ.Org

ਆਏ, ਅਤੇ ਮੁਸੱਲਿਆਂ 'ਤੇ ਮੱਥੇ ਰਗੜਨ ਵਾਲੇ ਹਨ, ਉਂਜ ਭਾਵੇਂ ਤੁਖਣਾ ਦੇਣ ਵਾਲੇ ਅਤੇ ਮਾਨਵਤਾ ਦੇ ਖਲਵਾੜੇ ਨੂੰ ਅਗਾਂ ਲਾਉਣ ਵਾਲੇ ਹੀ ਹਨ, ਚਲੋ ਬਖਸ਼ ਦਿਉ, ਇਹ ਬਖਸ਼ ਦਿਤੇ ਗਏ। ਅੱਜ ਵੀ ਬੈਠੇ ਹਨ। ਆਪਣਾ ਡੰਗ ਚਲਾਉਣੋਂ ਇਹ ਨਹੀਂ ਹਟੇ।

ਸਰਹੰਦ ਪ੍ਰਾਂਤ ਦੇ ਉਸ ਵੇਲੇ ੨੮੪ ਪਰਗਣੇ ਸਨ। ਇਹ ਸਤਲੁਜ ਤੇ ਜਮਨਾ ਦੋਹਾਂ ਦਰਿਆਵਾਂ ਦੇ ਵਿਚਕਾਰ ਤੇ ਸ਼ਿਵਾਲਿਕ ਦੀਆਂ ਪਹਾੜੀਆਂ ਤੋਂ ਲੈ ਕੇ ਕੁੰਜਪੁਰਾ, ਕਰਨਾਲ ਤੇ ਕੈਥਲ ਤਕ ਫੈਲਿਆ ਹੋਇਆ ਸੀ। ਇਸ ਦੀ ਸਾਲਾਨਾ ਮਾਲਗੁਜ਼ਾਰੀ ੫੨ ਲਖ ਸੀ ਤੇ ਇਹ ਬਾਵਨੀ ਸਰਹੰਦ ਵਜਦੀ ਸੀ, ਇਹ ੧੨ ਮਈ ੧੭੧੦ ਨੂੰ ਫ਼ਤਹ ਹੋ ਕੇ ਸਿੱਖਾਂ ਦੇ ਕਬਜ਼ੇ ਵਿਚ ਆ ਗਈ। "ਰਾਜ ਕਰੇਗਾ ਖਾਲਸਾ" ਦਾ ਨਾਅਰਾ, ਸਿੰਘਾਂ ਸਾਕਾਰ ਕਰ ਦਿਤਾ। ਬਾਜ ਸਿੰਘ ਨੂੰ ਸਰਹੰਦ ਦਾ ਗਵਰਨਰ ਬਣਾਇਆ ਤੇ ਆਲੀ ਸਿੰਘ ਨੂੰ ਉਸ ਦਾ ਸਹਾਇਕ ਥਾਪਿਆ ਗਿਆ। ਇਹਨਾਂ ਦੀ ਪਰਮੁਖ ਜ਼ਿਮੇਦਾਰੀ ਸੀ ਕਿ ਜੰਮੂ ਤੇ ਲਾਹੌਰ ਦੀਆਂ ਫੌਜਾਂ ਨੂੰ ਇਸ ਵਲ ਵਧਣੋਂ ਰੋਕਣਾ। ਸਮਾਣਾ ਫਤਹਿ ਸਿੰਘ ਦੇ ਤਹਿਤ ਕੀਤਾ ਗਿਆ। ਬਾਜ ਸਿੰਘ ਦੇ ਭਰਾ ਰਾਮ ਸਿੰਘ ਨੂੰ ਥਾਨੇਸਰ ਦਾ ਹਾਕਿਮ ਥਾਪਿਆ ਤੇ ਬਿਨੋਦ ਸਿੰਘ ਨੂੰ ਉਸਦਾ ਵਜ਼ੀਰ-ਮਾਲ ਨਿਯੁਕਤ ਕੀਤਾ ਗਿਆ ਅਤੇ ਨਾਲ ਹੀ ਉਸ ਨੂੰ ਕਰਨਾਲ ਤੇ ਪਾਣੀਪਤ ਦਾ ਪ੍ਰਬੰਧ ਸੌਂਪਿਆ ਗਿਆ। ਉਸਦੀ ਵੱਡੀ ਡਿਊਟੀ ਦਿਲੀਓਂ ਆਉਣ ਵਾਲੀ ਸੜਕ ਦੀ ਰਾਖੀ ਸੀ ਕਿ ਇਸ ਪਾਸਿਓਂ ਦੁਸ਼ਮਣ ਅੱਗੇ ਨਾ ਅ ਵੇ। ਇਹ ਕਰੜੇ ਪ੍ਰਬੰਧ ਕਰ ਕੇ ਬੰਦਾ ਸਿੰਘ ਲੋਹਗੜ੍ਹ ਦੇ ਕਿਲ੍ਹੇ ਵਲ ਹਟ ਗਿਆ।

ਜਿੰਨਾ ਇਲਾਕਾ ਕੇਸਰੀ ਨਿਸ਼ਾਨ ਥਲੇ ਸਿੰਘਾਂ ਦੇ ਪ੍ਰਬੰਧ ਹੇਠ ਆਇਆ, ਹਿੰਦੂਆਂ ਦੇ ਗਲੋਂ ਗ਼ੁਲਾਮੀ ਦੀ ਲਾਅਨਤ ਤੇ ਜਜ਼ੀਏ ਦੀ ਛੱਟ ਲਾਹ ਦਿੱਤੀ ਗਈ। ਸਾਰੀ ਜ਼ਮੀਨ ਵੱਡੇ ਵੱਡੇ ਮੁਗ਼ਲ, ਸੱਯਦ ਤੇ ਅਫ਼ਗ਼ਾਨ ਸਰਦਾਰ ਮੱਲੀ ਬੈਠੇ ਸਨ ਤੇ ਜਗੀਰਦਾਰੀ ਸਿਸਟਮ ਤਹਿਤ ਜਨਤਾ ਬੁਰੀ ਤਰ੍ਹਾਂ ਪਿਸ ਰਹੀ ਸੀ। ਬੰਦਾ ਸਿੰਘ ਬਹਾਦਰ ਨੇ ਇਹ ਜਗੀਰਦਾਰੀ ਦਾ ਕੋੜ੍ਹ ਸਦਾ ਲਈ ਖ਼ਤਮ ਕਰਕੇ ਹਲ-ਵਾਹਕ ਨੂੰ ਜ਼ਮੀਨ ਦਾ ਮਾਲਕ ਬਣਾ ਦਿਤਾ। ਗ਼ੁਲਾਮੀ, ਜਜ਼ੀਆ, ਜਗੀਰਦਾਰੀ ਤੇ ਮੁਗ਼ਲਾਂ ਦੀ ਆਕੜਖ਼ਾਨੀ ਧਰਤੀ ਤੋਂ ਚਲਦੇ ਕੀਤੇ। ਦਬੀ ਕੁਚਲੀ ਲੁਕਾਈ ਤੇ ਵਿਸ਼ੇਸ਼ ਤੌਰ ਤੇ ਮੁਸਲਮਾਨਾਂ ਦੇ ਯਕੀਨ ਵਰਗੇ ਵਹਿਮ ਨੇ, ਕਿ ਇਸਲਾਮੀ ਲਸ਼ਕਰ, ਜਿਸ ਵਿਚ ਮੁਗ਼ਲ, ਸੱਯਦ, ਪਠਾਣ ਤੇ ਰੰਘੜ (ਰਾਜਪੂਤ ਮੁਸਲਮਾਨ) ਤੇਗਾਂ ਮਾਰਨ ਵਾਲੇ ਹੋਣ, ਉਸ ਨੂੰ ਦੁਨੀਆ ਦੀ ਕੋਈ ਤਾਕਤ ਜਿੱਤ ਨਹੀਂ ਸਕਦੀ, ਸੋਚ ਨੂੰ ਸਥਿਲ ਕਰ ਛਡਿਆ ਸੀ। ਅੱਲਾ ਤੇ ਰਸੂਲ ਹਮੇਸ਼ਾ ਉਹਨਾਂ ਵਲ ਹੁੰਦੇ ਹਨ। ਕਿਸੇ ਦੀ ਕੀ ਮਜਾਲ ਕਿ ਇਸ ਰਾਜ ਦੇ ਮੂੰਹ ਆਵੇ। ਇਸ ਵਹਿਮ ਦੇ ਗ੍ਰਸੇ ਹੋਏ ਹਿੰਦੂ ਸਾਹਸਹੀਣ ਤੇ ਅਣਖਹੀਣ ਹੋਏ ਮੂਧੇ ਮੂੰਹ ਪਏ ਮਾਰ ਖਾਈ ਜਾਂਦੇ ਸਨ। ਹਾਕਿਮ ਤੇ ਆਮਲ ਇਸ ਅਜਿਤ ਹੋਣ ਦੇ ਅਕੜੇਵੇਂ ਫਟੇਵੇਂ ਵਿਚ ਰੱਬ ਭੁਲਾਈ ਬੈਠੇ ਸਨ। ਅੱਲਾ ਤੇ ਰਸੂਲ ਨੂੰ ਆਪਣਾ ਪੱਖੀ ਬਣਾ ਕੇ ਬੇ-ਓੜਕਾ ਜ਼ੁਲਮ ਢਾਅ ਰਹੇ ਸਨ। ਵਾਸਤਵ ਵਿਚ ਗ਼ਰੀਬ ਮੁਸਲਮਾਨ ਵੀ ਗ਼ੈਰ-ਹਿੰਦੂਆਂ ਵਾਂਗ ਹੀ ਇਸ ਚੱਕੀ ਵਿਚ ਪਿਸ ਰਿਹਾ ਸੀ। ਇਹ ਧੱਕੇ-ਸ਼ਾਹੀ ਅੱਲਾ ਪਾਕ ਦੇ ਨਾਉ ਤੇ ਆਪਣੇ ਨਾਪਾਕ ਨਿਸ਼ਾਨਿਆਂ ਲਈ ਬੜੀ ਢੀਠਾਈ ਨਾਲ ਵਰਤ ਰਹੇ ਸਨ ਤੇ ਬੇਆਸਰਿਆਂ ਤੇ ਕਹਿਰ ਤੋੜ ਰਹੇ ਸਨ, ਪਰ ਆਪ ਅੱਲਾ ਦਾ ਭੈ ਆਪਣੇ ਮਨ ਵਿਚ ਨਹੀਂ ਸਨ ਮਨਾਉਂਦੇ। ਬੁਲ੍ਹੇ ਸ਼ਾਹ ਨੇ ਇਸ ਦੁਰਦਸ਼ਾ ਨੂੰ ਆਪਣੇ ਸੰਕੇਤ ਨਾਲ ਜੋੜਿਆ ਹੈ–

ਮੈਂ ਗੱਲ ਓਥੇ ਦੀ ਕਰਦਾ ਹਾਂ। ਪਰ ਗੱਲ ਕਰਦਾ ਵੀ ਡਰਦਾ ਹਾਂ।

ਸਮੇਂ ਦੀ ਨਬਜ਼ ਪਛਾਨਣ ਵਾਲਾ ਭਲੀ ਭਾਂਤ ਸਮਝ ਸਕਦੈ ਕਿ ਉਸ ਵੇਲੇ ਕੀ ਵਾਪਰ ਰਹੀ ਹੋਵੇਗੀ। ਉਸ ਵੇਲੇ ਦੀ ਹਾਲਤ ਵਿਚ ਸਮਾਜਕ ਕੁਰੀਤੀਆਂ, ਜ਼ੁਲਮ ਜ਼ਬਰ ਭਰੀਆਂ ਰਾਜਸੀ ਘਟਨਾਵਾਂ, ਮਜ਼ਹਬੀ ਜਨੂੰਨ ਤੇ ਪਾਖੰਡਾਂ ਵਲ ਸਾਈਂ ਜੀ ਇਸ਼ਾਰਾ ਕਰਦੇ ਹਨ–

ਬੁਲ੍ਹਿਆ ਧਰਮਸਾਲਾ ਧੜਵਾਈ ਰਹਿੰਦੇ, ਠਾਕਰ ਦੁਆਰੇ ਠੱਗ।
ਵਿਚ ਮਸੀਤਾਂ ਕੁਸੱਤੀਏ ਰਹਿੰਦੇ, ਆਸ਼ਕ ਰਹਿਣ ਅਲੱਗ।........

ਅਤੇ– ਬੁਲ੍ਹਿਆ ਮੁੱਲਾਂ ਅਤੇ ਮਸ਼ਾਲਚੀ ਦੋਹਾਂ ਇਕੋ ਚਿੱਤ।


www.AKJ.Org

ਲੋਕਾਂ ਕਰਦੇ ਚਾਨਣਾ ਆਪ ਅੰਨ੍ਹੇਰੇ ਨਿੱਤ।

ਫਿਰ ਮਜ਼ਹਬ ਦੇ ਨਾਂ ਤੇ ਭੜਕਾਉਣ ਵਾਲਿਆਂ ਨੂੰ, ਜੋ ਸਿਧੇ ਸਾਦੇ ਮੁਸਲਮਾਨਾਂ ਨੂੰ ਗਾਜ਼ੀ ਬਣਕੇ ਗ਼ੈਰ-ਮੁਸਲਮਾਨਾਂ (ਕਾਫ਼ਰਾਂ) ਦਾ ਸਫਾਇਆ ਕਰਨ ਦੀ ਤੁਖਣਾ ਦੇਂਦੇ ਹਨ, ਇੰਜ ਸੰਬੋਧਨ ਕਰਦੇ ਹਨ, ਤੇ ਮਾਸੂਮ ਮੁਸਲਮਾਨਾਂ ਨੂੰ ਵੀ ਹਦਾਇਤ ਕਰਦੇ ਹਨ–

ਬੁਲ੍ਹਿਆ ਜੇ ਤੂੰ ਗ਼ਾਜ਼ੀ ਬਣਨਾ ਏਂ, ਲਕ ਬੰਨ੍ਹ ਤਲਵਾਰ।
ਪਹਿਲਾਂ ਰੰਘੜ ਮਾਰ ਕੇ ਪਿਛੋਂ ਕਾਫ਼ਰ ਮਾਰ।

ਕੀ ਮੁਸਲਮਾਨ ਤੇ ਕੀ ਹਿੰਦੂ, ਜਰਵਾਣੇ ਹਾਕਮਾਂ ਦੀ ਚੱਕੀ ਵਿਚ ਕਿਵੇਂ ਪਿਸ ਰਹੇ ਸਨ, ਉਨ੍ਹਾਂ ਕਸੂਰ ਵਿਚ ਵਿਆਪਕ ਸਥਿਤੀ ਵਲ ਸੰਕੇਤ ਕਰਦਿਆਂ ਕਿਹਾ ਹੈ–''ਕਸੂਰ ਬੇਦਸਤੂਰਾ ਹੈ।'' ਉਥੇ ਨਿਰੇ ਪਾਪ ਹੀ ਹੁੰਦੇ ਹਨ, ਕੋਈ ਨੇਕ ਕੰਮ ਨਹੀਂ ਹੁੰਦਾ ਤੇ ਨਾ ਕੋਈ ਦਸਤੂਰ ਹੀ ਲਾਗੂ ਹੈ, ਨਿਰੋਲ ਸੀਨਾ-ਜ਼ੋਰੀ ਤੇ ਬੁਰਛੇ-ਗਰਦੀ ਦਾ ਦੌਰ ਦੌਰਾ ਹੈ–

ਬੁਲ੍ਹਾ ਕਸਰ ਨਾਮ ਕਸੂਰ ਹੈ, ਉਥੇ ਮੂੰਹੋਂ ਨਾ ਸਕਣ ਬੋਲ।
ਉਥੇ ਸੱਚੇ ਗਰਦਨ ਮਾਰੀਏ, ਉਥੇ ਝੂਠੇ ਕਰਨ ਕਲੋਲ।

ਅਗੇ ਹੋਰ ਸੁਣੋ –ਬੁਲ੍ਹਿਆ ਕਸੂਰ ਬੇਦਸਤੂਰ, ਉਥੇ ਜਾਣਾ ਬਣਿਆ ਜਰੂਰ।
ਨਾ ਕੋਈ ਪੁੰਨ ਨਾ ਦਾਨ ਹੈ, ਨਾ ਕੋਈ ਲਾਗੂ ਦਸਤੂਰ।

ਇਹ ਦੇਗ ਵਿਚੋਂ ਇਕ ਦਾਣਾ ਟੋਹਣ ਵਾਲੀ ਗੱਲ ਹੈ। ਕਿਹੋ ਜਿਹਾ ਰਾਜ ਪ੍ਰਬੰਧ ਹੋਵੇਗਾ ਤੇ ਕਿਹੋ ਜਿਹਾ ਮੁਫਤੀ ਮੁਲਾਣਿਆਂ ਤੇ ਕਾਜ਼ੀਆਂ ਨੇ ਹਕੂਮਤ ਦੇ ਮੋਢਿਆਂ ਤੇ ਚੜ੍ਹ ਕੇ ਤੁਅੱਸਬ ਦਾ ਤਾਅ ਦੇ ਕੇ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਵੇਗਾ ਕਿ ਬੁਲ੍ਹੇਸ਼ਾਹ ਵਰਗਾ ਸੂਫ਼ੀ ਸੰਤ ਆਪਣਾ ਦਮ ਘੁਟਦਾ ਮਹਿਸੂਸ ਕਰਦਾ ਹੈ ਅਤੇ ਬਿਲਖਿਲਾ ਉਠਦਾ ਹੈ। ਇਸਲਾਮ ਵਿਚ ਸਿੱਕਾ ਮੁਲਾਣੇ ਦਾ ਹੀ ਚਲਦਾ ਰਿਹਾ ਹੈ। ਇਸਲਾਮ ਦੀ ਸਿਖਿਆ ਭਾਵੇਂ ਕੁਝ ਵੀ ਕਿਉਂ ਨਾ ਹੋਵੇ, ਪਰ ਅੱਜ ਤਕ ਗੱਲ ਪ੍ਰਵਾਨ ਉਹ ਹੋਈ ਹੈ ਜਿਸ ਦੀ ਵਿਆਖਿਆ ਮੁਲਾਣੇ ਮੌਲਵੀ ਨੇ ਆਪਣੀ ਮਰਜ਼ੀ ਨਾਲ ਜਿਵੇਂ ਚਾਹਿਆ, ਕੀਤੀ ਹੈ। ਸੂਫ਼ੀ ਸੰਤ, ਜੋ ਸਰਬੱਤ ਦੇ ਭਲੇ ਦੇ ਧਾਰਨੀ ਹੁੰਦੇ ਸਨ, ਮੁਲਾਣੇ ਦਾ ਟਾਕਰਾ ਨਹੀਂ ਸਨ ਕਰ ਸਕਦੇ। ਜਿਥੇ ਤੇ ਜਦ ਕੋਈ ਹੌਸਲਾ ਕਰ ਕੇ ਉਭਾਸਰਿਆ, ਜਿਊਂਦੇ ਦੀ ਖਲ੍ਹ ਲੁਹਾ ਦਿਤੀ ਜਾਂ ਸੂਲੀ ਤੇ ਟੰਗ ਦਿਤਾ। ਸ਼ਰਾਅ ਦੀ ਛੁਰੀ ਨਾਲ ਅਨੇਕਾਂ ਗਰਦਨਾਂ ਕੱਟੀਆਂ ਗਈਆਂ। ਬ੍ਰਾਹਮਣ, ਮੁਲਾਣੇ ਤੇ ਪਾਦਰੀ (ਪਾਦਰੀ ਵਿਸੇਸ਼ ਤੌਰ ਤੇ ਯੂਰਪ ਤੇ ਮੱਧ ਏਸ਼ੀਆਈ ਦੇਸ਼ਾਂ ਵਿਚ) ਮਾਨਵਤਾ ਨੂੰ ਪਲੇਗ ਬਣ ਕੇ ਚਿੰਬੜੇ ਰਹੇ ਹਨ।

ਇਸਲਾਮੀ ਦੁਨੀਆਂ ਵਿਚ ਸਭ ਤੋਂ ਜ਼ਿਆਦਾ ਖ਼ੂਨ (ਇਸਲਾਮੀ ਰਾਜ ਦੀ ਸਥਾਪਨਾ ਤੋਂ ਬਾਅਦ) ਮੁਲਾਣੇ ਹਥੋਂ ਹਿੰਦੁਸਤਾਨ ਵਿਚ ਡੁਲ੍ਹਾ ਹੈ। ਤਲਵਾਰ ਬਾਦਸ਼ਾਹ ਦੀ ਤੇ ਪ੍ਰੇਰਨਾ ਅਤੇ ਹਲਾਸ਼ੇਰੀ ਮੁਲਾਣੇ ਦੀ। ਮੁਲਾਣੇ ਦੇ ਆਗਮਨ ਤੋਂ ਪਹਿਲਾਂ ਜੋ ਬ੍ਰਾਹਮਣ ਨੇ ਏਸੇ ਹਿੰਦੁਸਤਾਨ ਵਿਚ ਬੋਧੀਆਂ ਤੇ ਸੂਦਰਾਂ ਨਾਲ ਕੀਤੀ, ਉਸਦੇ ਸਾਮ੍ਹਣੇ ਮੁਲਾਣਾ ਬੜਾ ਸਾਊ ਨਜ਼ਰ ਆਉਂਦਾ ਹੈ।

'ਹਿੰਦੁਸਤਾਨ ਵਿਚ ਇਸਲਾਮੀ ਰਾਜ ਸਦੀਵੀ ਤੇ ਅਟੱਲ ਹੈ ਤੇ ਮੁਗਲੀਆ ਫੌਜ ਬੜੀ ਹੀ ਬਲਕਾਰ ਤੇ ਅਜਿੱਤ ਹੈ, ਇਹ ਵਹਿਮ-ਭਰਮ, ਜਿਸ ਨੂੰ ਮੁਸਲਮਾਨ ਅੱਲਾ ਮੀਆਂ ਦੀ ਦੇਣ ਤੇ ਚਟਾਨ ਵਰਗੀ ਸਚਾਈ, ਅਤੇ ਹਿੰਦੂ ਮੱਥੇ ਦੇ ਲੇਖ ਸਮਝਦੇ ਸਨ, ਖਾਲਸਾ ਜੀ ਨੇ ਇਸ ਵਹਿਮ ਨੂੰ ਸਦਾ ਲਈ ਦੂਰ ਕਰ ਦਿਤਾ। ਨਾਰਨੌਲ, ਭਿਵਾਨੀ, ਹਿਸਾਰ, ਟੁਹਾਣਾ, ਸੋਨੀਪਤ, ਕੈਂਥਲ, ਸਮਾਣਾ[੧], ਕੁੰਜਪੁਰਾ, ਘੁੜਾਮ, ਠਸਕਾ[੨], ਦਾਮਲਾ[੩], ਸ਼ਾਹਬਾਦ, ਮਾਰਕੰਡਾ, ਇਸਮਾਈਲਾਬਾਦ, ਮੁਸਤਫ਼ਾਬਾਦ, ਸਢੌਰਾ[੪], ਕਪੂਰੀ, ਅਜ਼ੀਜ਼ਾਬਾਦ ਤੇ ਫਿਰ ਸਰਹੰਦ ਵਿਚ ਇਸ ਅਜਿੱਤ ਫ਼ੌਜ ਦਾ ਖ਼ਾਲਸੇ ਨੇ ਦਮ ਤੋੜ ਸੁਟਿਆ ਅਤੇ ਦੁਨੀਆ ਨੂੰ ਦਸ ਦਿਤਾ ਕਿ ਮੁਗਲੀਆ ਤੇ ਅਫ਼ਗਾਨੀ ਤਲਵਾਰ ਨਾਲੋਂ ਖ਼ਾਲਸੇ ਦੀ ਤੇਗ ਦੀ ਕਾਟ ਕਿਤੇ ਜ਼ਿਆਦਾ ਹੈ। ਅਟੱਲ ਇਸਲਾਮੀ-ਰਾਜ ਬੰਦਾ ਸਿੰਘ ਮੂਹਰੇ ਖ਼ਾਲਸੇ ਦੀ ਆਪਾ-ਵਾਰੂ ਅਲੌਕਿਕ ਸਪਿਰਿਟ ਸਦਕਾ ਗੋਡਿਆਂ ਪਰਨੇ ਹੋ ਕੇ ਡਿਗਾ ਪਿਆ ਸੀ ਤੇ ਜਾਨ ਬਖਸ਼ੀ ਲਈ ਭੀਖ ਮੰਗ ਰਿਹਾ ਸੀ।

ਸਰਹੰਦ ਦੇ ਹੋਰ ਜਿਤੇ ਹੋਏ ਇਲਾਕਿਆਂ ਦਾ ਪ੍ਰਬੰਧਕੀ ਢਾਂਚਾ ਕਾਇਮ ਕਰ ਕੇ, ਬੰਦਾ ਸਿੰਘ ਖਾਲਸਈ ਫੌਜਾਂ



www.AKJ.Org

ਦੇ ਨਾਲ ਸਰਹੰਦੋਂ ਮਲੇਰਕੋਟਲੇ ਵਲ ਵਧਿਆ ਸ਼ੇਰ ਮੁਹੰਮਦ ਖ਼ਾਨ ਦੇ ਟੱਬਰ ਕਬੀਲੇ ਦੀ ਸੁਧਾਈ ਕਰਨੀ ਬਾਕੀ ਸੀ। ਅਨੰਦਪੁਰ ਸਾਹਿਬ ਛਡਣ ਪਿਛੋਂ ਗੁਰੂ ਗੋਬਿੰਦ ਸਿੰਘ ਦੇ ਘਰ ਰਸੋਈ ਵਿਚ ਕੰਮ ਕਰਨ ਵਾਲੀ ਇਕ ਲੜਕੀ ਬੀਬੀ ਅਨੂਪ ਕੌਰ ਕਿਸੇ ਸਬੱਬ ਸ਼ੇਰ ਮੁਹੰਮਦ ਖ਼ਾਨ ਦੇ ਹੱਥ ਲੱਗ ਗਈ ਸੀ। ਉਹ ਉਸ ਨੂੰ ਜ਼ਬਰ-ਦਸਤੀ ਮੁਸਲਮਾਨੀ ਕਰਨਾ ਚਾਹੁੰਦਾ ਸੀ। ਇਹ ਲੜਕੀ ਆਪਣੇ ਸਤ-ਧਰਮ ਤੇ ਅਣਖ ਉਤੇ ਕਾਇਮ ਰਹੀ। ਸਤ-ਧਰਮ ਤੇ ਅਣਖ-ਆਬਰੂ ਬਚਾਉਣ ਲਈ ਕੋਈ ਪੇਸ਼ ਨਾ ਜਾਂਦੀ ਵੇਖ ਕੇ, ਅਤੇ ਬਚ ਨਿਕਲਣ ਦੇ ਸਾਰੇ ਰਸਤੇ ਬੰਦ ਪਾ ਕੇ, ਆਪਣੇ ਗਾਤਰੇ ਵਾਲੀ ਛੋਟੀ ਕਿਰਪਾਨ ਨਾਲ ਆਤਮ-ਹਤਿਆ ਕਰ ਲਈ। ਸ਼ੇਰ ਮੁਹੰਮਦ ਖ਼ਾਨ ਨੇ, ਉਸ ਨੂੰ ਸਸਕਾਰਨ ਦੀ ਥਾਂ ਕਬਰ ਵਿਚ ਦਬਾ ਦਿਤਾ ਸੀ। ਬੰਦਾ ਸਿੰਘ ਵਾਸਤੇ ਇਸ ਅਣਖੀ ਬੀਬੀ ਦਾ ਦਾਹ-ਸੰਸਕਾਰ ਕਰਨਾ ਵੀ ਫ਼ਰਜ਼ ਬਣਦਾ ਸੀ। ਜਦ ਮਲੇਰਕੋਟਲੇ ਦਾ ਸ਼ਹਿਰ ਮਾਰ ਲਿਆ ਤਾਂ ਇਕ ਕਿਸ਼ਨ ਦਾਸ ਬਾਣੀਏ ਨੇ, ਜੋ ਬੰਦਾ ਸਿੰਘ ਦਾ ਪੁਰਾਣਾ ਵਾਕਿਫ਼ ਸੀ, ਦੋ ਲਖ ਰੁਪਇਆ ਇਕੱਠਾ ਕਰ ਕੇ ਸ਼ਹਿਰ ਲੁੱਟ ਤੇ ਕਤਲਾਮ ਤੋਂ ਬਚਾਅ ਲਿਆ। ਸ਼ੇਰ ਮੁਹੰਮਦ ਖ਼ਾਨ ਦੇ ਟੱਬਰ ਕਬੀਲੇ ਨੂੰ ਸੋਧ ਦਿਤਾ ਗਿਆ ਅਤੇ ਬੀਬੀ ਅਨੂਪ ਕੌਰ ਨੂੰ ਕਬਰ ਵਿਚੋਂ ਕਢ ਕੇ ਉਸ ਦਾ ਦਾਹ ਸੰਸਕਾਰ ਕੀਤਾ ਗਿਆ।

ਮਲੇਰ ਕੋਟਲਿਓਂ ਹਟ ਕੇ ਇਹ ਦਲ ਮੁਰਿੰਡੇ ਵਲ ਉਲਰ ਪਿਆ। ਮੁਰਿੰਡਾ ਮਾਰ ਕੇ ਜਾਨੀ ਖਾਂ ਮਾਨੀ ਖਾਂ ਉਨ੍ਹਾਂ ਦਾ ਕੁਟੰਬ ਤੇ ਹੋਰ ਹੰਕਾਰੇ ਰੰਘੜਾਂ ਸਮੇਤ ਸਹੇੜੀ ਦੇ ਗੰਗੂ ਬ੍ਰਾਹਮਣ ਦੇ ਪ੍ਰਵਾਰ ਨੂੰ ਫੜ ਲਿਆ। ਸਿਰਫ਼ ਗੰਗੂ ਦੀ ਮਾਤਾ ਸੋਭੀ ਨੂੰ ਹੀ ਛਡਿਆ ਗਿਆ। ਬਾਕੀ ਸਭ ਚੰਡੀ ਦੀ ਭੇਟ ਚੜ੍ਹਾ ਦਿਤੇ।

ਮੁਰਿੰਡੇ ਤੋਂ ਹਟ ਕੇ ਬੰਦਾ ਸਿੰਘ ਰੋਪੜ ਥਾਣੀ ਕੀਰਤਪੁਰ ਸਾਹਿਬ ਜਾ ਅਪੜਿਆ। ਇਥੋਂ ਦਰਸ਼ਨ ਦਿਦਾਰੇ ਕਰ ਕੇ ਅਨੰਦਪੁਰ ਸਾਹਿਬ ਦੇ ਪਵਿਤਰ ਅਸਥਾਨਾਂ ਤੇ ਜਾ ਸਿਰ ਝੁਕਾਇਆ। ਬੰਦਾ ਸਿੰਘ ਇਥੋਂ ਹੁਸ਼ਿਆਰਪੁਰ ਤੇ ਜਾ ਪਿਆ। ਫਿਰ ਜਲੰਧਰ ਵੀ ਮਾਰ ਲਿਆ। ਸਾਰਾ ਬਿਸਤ-ਦੁਆਬ ਖਾਲਸਾ ਰਾਜ ਵਿਚ ਮਿਲਾ ਕੇ ਬੰਦਾ ਸਿੰਘ ਬਿਆਸ ਟੱਪ ਕੇ ਬਟਾਲੇ ਦੁਆਲੇ ਆਣ ਹੋਇਆ। ਬਟਾਲਾ ਮੁਸਲਮਾਨਾਂ ਦਾ ਬਹੁਤ ਵੱਡਾ ਗੜ੍ਹ ਸੀ। ਇਥੋਂ ਦਾ ਵਾਲੀ ਸ਼ੇਖ਼ੁਲਅਹਿਦ, ਜੋ ਇਕ ਵੱਡਾ ਧਾਰਮਿਕ ਆਗੂ ਵੀ ਸੀ, ਮੁਕਾਬਲੇ ਲਈ ਨਿਕਲਿਆ। ਪਰ ਪਹਿਲੀ ਝੜਪ ਵਿਚ ਹੀ ਮਾਰਿਆ ਗਿਆ। ਮੁਸਲਮਾਨਾਂ ਦੀਆਂ ਵਧੀਕੀਆਂ ਕਾਰਨ ਬਟਾਲੇ ਦੀ ਬੁਰੀ ਸ਼ਾਮਤ ਆਈ। ਬਹੁਤ ਖ਼ਲਕਤ ਮਾਰੀ ਗਈ।

ਬਟਾਲੇ ਨੂੰ ਸੋਧ ਕੇ ਕਲਾਨੌਰ ਜਾ ਮਾਰਿਆ। ਡੇਰਾ ਬਾਬਾ ਨਾਨਕ ਜਾ ਕੇ ਗੁਰੂ ਸਾਹਿਬ ਦੀਆਂ ਪਵਿੱਤਰ ਵਸਤੂਆਂ ਦੇ ਦਰਸ਼ਨ ਕੀਤੇ ਤੇ ਬਹੁਤ ਸਾਰਾ ਚੜ੍ਹਾਵਾ ਚੜ੍ਹਾਇਆ। ਇਸੇ ਤਰ੍ਹਾਂ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦਰਸ਼ਨ ਕੀਤੇ ਤੇ ਬਹੁਤ ਸਾਰਾ ਧਨ-ਪਦਾਰਥ ਦਰਬਾਰ ਸਾਹਿਬ ਨੂੰ ਭੇਟ ਕੀਤਾ ਗਿਆ। ਅੰਮ੍ਰਿਤਸਰ ਵਿਖੇ ਬੰਦਾ ਸਿੰਘ ਨੇ ਮਾਝੇ ਦੇ ਲੋਕਾਂ, ਖ਼ਾਸ ਕਰ ਨੌਜੁਆਨਾਂ ਨੂੰ ਪਲਾ ਫੇਰ ਕੇ ਸਦਿਆ ਤੇ ਕਿਹਾ ਕਿ ਉਹ ਅੰਮ੍ਰਿਤ ਛਕ ਕੇ ਗੁਰੂ ਵਾਲੇ ਬਣਨ, ਉਨ੍ਹਾਂ ਦਾ ਸਭ ਗਿਲਾ ਮੁਆਫ਼ ਕਰ ਦਿਤਾ ਜਾਵੇਗਾ। ਬੰਦਾ ਸਿੰਘ ਤੇ ਖਾਲਸਾ ਫੌਜਾਂ ਦੀ ਚੜ੍ਹਤ ਵੇਖ ਕੇ ਮਝੈਲ ਟੱਬਰਾਂ ਦੇ ਟੱਬਰ ਉਠ ਖੜੇ ਹੋਏ ਅਤੇ ਅੰਮ੍ਰਿਤ ਪਾਨ ਕਰ ਕੇ ਖਾਲਸ ਜੀ ਵਿਚ ਅਭੇਦ ਹੋ ਗਏ।[੫] ਸਾਰਾ ਜੰਗਜੂ ਮਾਝਾ, ਖਾਲਸਾ ਜੀ ਦੀ ਛਾਉਣੀ ਹੀ ਬਣ ਗਿਆ।

ਪੰਜਾਬ ਲਾਹੌਰ ਤੇ ਲਾਹੌਰ ਪੰਜਾਬ ਸੀ। ਲਾਹੌਰ ਲੈਣਾ ਬੜਾ ਜ਼ਰੂਰੀ ਸੀ। ਨਗਾਰੇ ਤੇ ਚੋਟ ਪਈ ਤੇ ਬੰਦਾ ਸਿੰਘ ਲਾਹੌਰ ਵਲ ਚੜ੍ਹ ਪਿਆ। ਇਸ ਵੇਲੇ ਸੱਯਦ ਇਸਲਾਮ ਖ਼ਾਨ*, ਜੋ ਲਾਹੌਰ ਦਾ ਗਵਰਨਰ ਸੀ, ਨੇ ਸ਼ਹਿਰ ਦੀ ਫ਼ਸੀਲ ਉਤੇ ਤੋਪਾਂ ਬੀੜ ਦਿਤੀਆਂ। ਲਾਹੌਰ ਦੇ ਆਸ ਪਾਸ ਪਿੰਡਾਂ ਵਿਚ ਵਸਦੇ ਮੁਸਲਮਾਨ ਲਾਹੌਰ ਨੂੰ ਬਚਾਉਣ ਲਈ ਆਣ ਇਕੱਠੇ ਹੋਏ। ਸ਼ਹਿਰੋਂ ਬਾਹਰ ਚੜ੍ਹਦੇ ਦਖਣ ਵਾਲੇ ਪਾਸੇ ਕੁਝ ਫ਼ਾਸਲੇ ਤੇ ਬੜੀ ਖ਼ੂਨ-ਵੀਟਵੀਂ ਲੜਾਈ ਹੋਈ। ਦੋਵੇਂ ਧਿਰਾਂ ਬੜੇ ਜੋਸ਼ ਨਾਲ ਲੜੀਆਂ। ਹਜ਼ਾਰਾਂ ਦੀ ਗਿਣਤੀ ਵਿਚ ਦੋਹਾਂ ਪਾਸਿਆਂ ਤੋਂ ਜਵਾਨ ਮਾਰੇ ਗਏ। ਇਸਲਾਮੀ ਲਸ਼ਕਰ ਨੂੰ ਹਾਰ ਹੋਈ। ਅਨ੍ਹੇਰਾ ਹੋ ਜਾਣ ਕਰਕੇ ਲੜਾਈ ਥੰਮ੍ਹੀ। ਅਗਲੇ ਦਿਨ ਫਿਰ ਇਸਲਾਮੀਆਂ

---

*ਇਤਿਹਾਸਕਾਰਾਂ ਨੇ ਇਸ ਨੂੰ ਅਸਲਮ ਖਾਨ ਵੀ ਲਿਖਿਆ ਹੈ।



www.AKJ.Org

ਦਾ ਟਿੱਡੀ ਦਲ ਇਕੱਠਾ ਹੋ ਗਿਆ। ਫਿਰ ਧੌਂਸਿਆਂ ਤੇ ਚੋਟਾਂ ਪਈਆਂ ਤੇ ਸੂਰਮੇ ਜੁੱਟ ਪਏ। ਅੱਜ ਕਲ੍ਹ ਨਾਲੋਂ ਵੀ ਜ਼ਿਆਦਾ ਇਸਲਾਮੀ ਲਸ਼ਕਰ ਦਾ ਨੁਕਸਾਨ ਹੋਇਆ।[੬] ਇਕ ਦੋ ਦਿਨ ਜੇ ਇਹ ਲੜਾਈ ਦਾ ਸਿਲਸਿਲਾ ਜਾਰੀ ਰਹਿੰਦਾ ਤਾਂ ਲਾਹੌਰ ਫ਼ਤਹ ਹੋ ਜਾਣਾ ਸੀ, ਪਰ ਬੰਦਾ ਸਿੰਘ ਨੂੰ ਪਿਛਲੇ ਜਿਤੇ ਇਲਾਕਿਆਂ ਦੀ ਪ੍ਰਬੰਧਕੀ ਪਕਿਆਈ ਲਈ ਬੜੀ ਕਾਹਲੀ ਨਾਲ ਪਿਛੇ ਜਾਣਾ ਪਿਆ।

ਸ਼ਹਿਰ ਦੀ ਫ਼ਸੀਲ ਦੀ ਮਜ਼ਬੂਤੀ ਤੇ ਗਵਰਨਰ ਦੀ ਚੰਗੀ ਅਗਵਾਈ ਨੇ ਸ਼ਹਿਰ ਤਾਂ ਬਹੁਤ ਹੱਦ ਤਕ ਲੁਟੇ ਜਾਣੋਂ ਤੋਂ ਬਚਾ ਲਿਆ, ਪਰ ਸ਼ਹਿਰ ਦਾ ਉਦਾਲਾ ਪੁਦਾਲਾ ਕਈ ਕਈ ਕੋਹਾਂ ਤਕ ਬਿਲਕੁਲ ਹੀ ਬਰਬਾਦ ਹੋ ਗਿਆ।

ਬੰਦਾ ਸਿੰਘ ਦੀ ਇਸ ਮੁਹਿੰਮ ਵਿਚ ਛੋਟੀਆਂ ਸ਼੍ਰੇਣੀਆਂ ਦੇ ਹਜ਼ਾਰਾਂ ਹਿੰਦੂ ਉਤਸ਼ਾਹਿਤ ਹੋ ਕੇ ਆਣ ਮਿਲੇ ਤੇ ਸਿੰਘ ਸਜ ਗਏ।[੭] ਜੂਨ ੧੭੧੦ ਈ: ਵਿਚ ਬੰਦਾ ਸਿੰਘ ਲਾਹੌਰ ਦੁਆਲੇ ਸੀ।

ਲਾਹੌਰੋਂ ਹਟ ਕੇ ਇਹ ਲਸ਼ਕਰ ਸਰਹੰਦ ਪਹੁੰਚਿਆ। ਲੁੜੀਂਦੀਆਂ ਪਕਿਆਈਆਂ ਕਰ ਕੇ ਇਲਾਕਿਆਂ ਦੀ ਨਿਗਰਾਨੀ ਕਰਦਾ ਹੋਇਆ ਉਹ ਲੋਹਗੜ੍ਹ (ਮੁਖ਼ਲਸ ਗੜ੍ਹ) ਆਪਣੀ ਰਾਜਧਾਨੀ ਪਹੁੰਚ ਗਿਆ। ਲਾਹੌਰ ਤੇ ਇਸ ਤੋਂ ਅਗੇ ਉੱਤਰ-ਪੱਛਮ ਦੇ ਮੁਲਕ ਦੀ ਫ਼ਤਹ ਅਗੇ ਪਾ ਦਿਤੀ ਗਈ।

ਸਰਹੰਦ ਵਲ ਨੂੰ ਆਉਂਦਿਆਂ ਬੰਦਾ ਸਿੰਘ ਨੇ ਸੁਣਿਆ ਕਿ ਜਮਨਾ-ਗੰਗਾ ਦੇ ਵਿਚਕਾਰ ਇਲਾਕੇ, ਭਾਵ, ਅੱਪਰ ਗੰਗ ਦੁਆਬ ਦੇ ਮੁਸਲਮਾਨ ਬੜੇ ਅਕੜੇਵੇਂ ਵਿਚ ਹਨ ਤੇ ਕਿਸੇ ਨੂੰ ਪੱਲੇ ਨਹੀਂ ਬੰਨ੍ਹਦੇ। ਹਿੰਦੂਆਂ ਨੂੰ ਬਹੁਤ ਹੀ ਸਤਾਇਆ ਜਾਂਦਾ ਹੈ ਤੇ ਇਹ ਦੁਖੀ ਲੋਕ ਨਰਕ ਦਾ ਜੀਵਨ ਭੋਗ ਰਹੇ ਹਨ।

ਖਾਲਸੇ ਨੇ ਬੰਦਾ ਬਹਾਦਰ ਦੀ ਅਗਵਾਈ ਵਿਚ ਇਸ ਪਾਸੇ ਵਾਗਾਂ ਮੋੜ ਲਈਆਂ। ਜਮਨਾ ਦਰਿਆ ਬੂੜੀਏ ਲਾਗੋਂ ਰਾਜ ਘਾਟ ਤੋਂ ਪਾਰ ਕਰ ਕੇ ਸਹਾਨਪੁਰ ਦੇ ਇਲਾਕੇ ਵਿਚ ਜਾ ਵੜੇ। ਸਹਾਰਨਪੁਰ, ਬੇਹਟ, ਨਨੌਟਾ ਅਤੇ ਜਲਾਲਾਬਾਦ ਨੂੰ ਜਾ ਮਾਰਿਆ। ਪਹਿਲਾਂ ਤਾਂ ਇਹ ਲੋਕ ਸੱਯਦਾਂ ਦੇ ਉਭਾਰੇ ਹੋਏ ਬੜੇ ਰੋਹ ਵਿਚ ਸਾਹਵੇਂ ਉਠ ਖਲੋਤੇ, ਪਰ ਜਦ ਖਾਲਸਈ ਤੇਗ ਦੀ ਕਾਟ ਵੇਖੀ ਤਾਂ ਤਾਅ ਨਾ ਲਿਆ ਸਕੇ ਤੇ ਅਧੀਨਗੀ ਪਰਵਾਨ ਕਰ ਲਈ। ਇਹ ਮੁਲਕ ਵੀ ਖਾਲਸਾ ਰਾਜ ਦੀ ਜਿਕਦਾਰੀ ਵਿਚ ਆ ਗਿਆ। ਹੁਣ ਭੂਰਿਆਂ ਵਾਲਿਆਂ ਦੇ ਰਾਜ ਦੀ ਹਦ ਰਾਵੀ ਤੋਂ ਗੰਗਾ ਤਕ ਤੇ ਲਾਹੌਰ ਦੀਆਂ ਕੰਧਾਂ ਤੋਂ ਲੈ ਕੇ ਪਾਣੀਪਤ ਤਕ ਫੈਲ ਚੁਕੀ ਸੀ।

ਜਦ ਬੰਦਾ ਸਿੰਘ ਲਾਹੌਰ ਦਾ ਘੇਰਾ ਛੱਡ ਕੇ ਪਿਛਾਂਹ ਸਰਹੰਦ ਵਲ ਹਟ ਗਿਆ ਤਾਂ ਲਾਹੌਰ ਅਤੇ ਇਸ ਦੇ ਚੁਫੇਰੇ ਦਿਆਂ ਪਿੰਡਾਂ ਨੂੰ ਬੰਦਾ ਸਿੰਘ ਦੇ ਜਮਨਾ ਪਾਰ ਹੋਣ ਦੀ ਖ਼ਬਰ ਲੱਗ ਗਈ। ਇਸ ਦੂਰੀ ਕਾਰਨ ਮੁਲਾਣਿਆਂ ਨੂੰ, ਜੋ ਲਾਹੌਰ ਦੀ ਫ਼ਸੀਲੋਂ ਬਾਹਰ ਨਹੀਂ ਸਨ ਨਿਕਲਦੇ, ਜੋਸ਼ ਚੜ੍ਹ ਗਿਆ। ਸਿੱਖਾਂ ਦੇ ਖ਼ਿਲਾਫ਼ ਜਹਾਦ ਲਈ ਹੈਦਰੀ ਝੰਡਾ ਖੜਾ ਕਰ ਦਿਤਾ। ਬੰਦਾ ਸਿੰਘ ਲਸ਼ਕਰ ਸਮੇਤ ਫ਼ਾਸਲੇ ਤੇ ਸੀ, ਥੋੜੇ ਸਿਖ ਪਿੰਡਾਂ ਵਿਚ ਸਨ। ਬਸ ਫਿਰ ਜੋਸ਼ ਦੀਆਂ ਕਾਂਗਾਂ ਚੜ੍ਹ ਆਈਆਂ। ਸ਼ਹਿਰ ਤੇ ਪਿੰਡਾਂ ਦੇ ਜੁਲਾਹੇ, ਮੋਚੀ, ਤੇਲੀ, ਨਾਈ, ਸੱਕੇ ਆਦਿ ਵੀ ਉਠ ਤੁਰੇ। ਮੁਲਾਣੇ, ਜੋ ਕਲ੍ਹ ਤਕ ਚੂਹਿਆਂ ਵਾਂਗ ਖੁਡਾਂ ਵਿਚ ਦੜੇ ਬੈਠੇ ਸਨ, ਬੱਨ੍ਹਾਂ ਵਿਚ ਨਾ ਮਿਉਂਦੇ ਦਿਸਣ। ਸਿਖ ਵੀ ਆਪਣੇ ਸਥਾਨਕ ਜਥੇਦਾਰਾਂ ਦੀ ਅਗਵਾਈ ਵਿਚ ਉਠ ਖੜੇ ਹੋਏ। ਜ਼ਿਲ੍ਹਾ ਭਗਵੰਤ ਰਾਏ, ਜੋ ਲਾਹੌਰ ਦੇ ਲਾਗੇ ਹੀ ਹੈ, ਚਮਿਆਰੀ ਲਾਗੇ ਕੋਟਲਾ ਬੇਗਮ (ਅਜਨਾਲਾ ਤਹਿਸੀਲ ਜ਼ਿਲਾ ਅੰਮ੍ਰਿਤਸਰ) ਤੇ ਫਿਰ ਭੀਲੋਵਾਲ ਜ਼ਿਲਾ ਅੰਮ੍ਰਿਤਸਰ ਵਿਖੇ ਤਿੰਨ ਖ਼ੂਨ-ਡੋਲ੍ਹਵੀਆਂ ਲੜਾਈਆਂ ਹੋਈਆਂ। ਤਿੰਨਾਂ ਵਿਚ ਹੀ ਹੈਦਰੀ ਝੰਡੇ ਵਾਲਿਆਂ ਨੂੰ ਬੁਰੀ ਤਰ੍ਹਾਂ ਹਾਰ ਹੋਈ। ਇਹ ਗਾਜ਼ੀ ਜਦ ਹਾਰ ਖਾ ਕੇ ਲਾਹੌਰ ਵਾਪਸ ਮੁੜੇ ਤਾਂ ਲੋਕਾਂ ਅਗੋਂ ਬੜੀਆਂ ਟਿਚਰਾਂ ਕੀਤੀਆਂ। ਪੁਛਣ ਕਿ ਉਹ ਹਰਿਆ ਹੈਦਰੀ ਝੰਡਾ ਕਿਥੇ ਰਖ ਆਏ ਹੋ? ਹੁਣ ਅਗਲਾ ਜਹਾਦ ਕਦੋਂ ਛੇੜਨਾ ਹੈ? ਜਿਨ੍ਹਾਂ ਦੇ ਗਾਜ਼ੀ ਘਰੋਂ ਗਾਨੇ ਬੰਨ੍ਹ ਕੇ ਗਏ ਵਾਪਸ ਨਾ ਆਏ, ਉਹ ਮੁਲਾਣਿਆਂ ਨੂੰ ਪਿਟਣ ਕਿ, "ਔਂਤਰੇ ਛੇੜਾਂ ਛੇੜ ਕੇ ਆਪ ਘਰੀਂ ਮਰੇ ਰਹੇ ਹਨ। ਨਖਤਿਓ, ਹੁਣ ਆਪਣੇ ਕੋੜਮੇ ਨੂੰ ਲੈ ਕੇ ਹੋਵੋ ਉਨ੍ਹਾਂ ਜਵਾਈਆਂ ਦੇ ਮੂਹਰੇ, ਤੁਹਾਨੂੰ ਚਖਾਉਣ ਮਜ਼ਾ ਜਹਾਦ ਤੇ ਹੈਦਰੀ ਝੰਡੇ ਖੜੇ ਕਰਨ ਦਾ। ਤੁਹਾਨੂੰ ਤਾਂ ਪਿੰਡਾਂ ਦਿਆਂ ਨਵੇਂ ਬਣਿਆਂ ਸਿੰਘਾਂ ਨੇ ਹੀ ਦਬੋਚ ਲਿਆ, ਜੇ ਸਿੰਘਾਂ ਦਾ ਲਸ਼ਕਰ ਇਥੇ ਹੁੰਦਾ ਤਾਂ ਗਲ ਗਇਓ ਕੀ ਬਣਦਾ? ਜਦ ਬੰਦਾ ਸਿੰਘ ਲਾਹੌਰ ਘੇਰੀ



www.AKJ.Org

ਬੈਠਾ ਸੀ ਓਦੋਂ ਇਹ ਲੁਚੇ ਮੁਲਾਣੇ ਕਿਥੇ ਗਏ ਮਰੇ ਸਨ ?

"ਜਿਹੜੇ ਬਚ ਕੇ ਆ ਗਏ ਹੋ, ਤਣੋ ਤਾਣੇ ਤੇ ਚਲਾਉ ਖਡੀਆਂ, ਜੁੱਤੀਆਂ ਸੀਵੋਂ ਗੰਢੋ, ਰੂੰ ਪਿੰਜੋ, ਤੇਲ ਕਢੋ ਤੇ 'ਰਮਾਨ ਨਾਲ ਮਸ਼ਕਾਂ ਰਾਹੀਂ ਪਾਣੀ ਭਰੋ, ਆਪਣੇ ਟੱਬਰ ਪਾਲੋ। ਇਨ੍ਹਾਂ ਗਰਕੇ ਹੋਣਿਆਂ ਮੁਲਾਣਿਆਂ ਨੂੰ ਉਚੜ-ਪੈੜੇ ਲੜਦੇ ਹੀ ਰਹਿਣੇ ਹਨ। ਤੁਸੀਂ ਕਿੰਨਾ ਕੁ ਚਿਰ ਇਨ੍ਹਾਂ ਦੀ ਹਲਾ-ਹਲਾ ਤੇ ਲੜਦੇ ਮਰਦੇ ਰਹੋਗੇ ? ਜਿਨ੍ਹਾਂ ਨਾਲ ਲੜਨ ਗਏ ਸੌ, ਉਨ੍ਹਾਂ ਦਾ ਪਤਾ ਕਰ ਲਿਆ ਸੀ ਕੌਣ ਲੋਕ ਹਨ ? ਉਹ ਤਾਂ ਸ਼ਿਰ ਤਲੀਆਂ ਤੇ ਧਰੀ ਫਿਰਦੇ ਹਨ। ਉਨ੍ਹਾਂ ਦੇ ਗੁਰੂ ਨੇ ਤਾਂ ਉਨ੍ਹਾਂ ਨੂੰ ਲਖਾਂ ਨਾਲ ਇਕ ਜਣੇ ਨੂੰ ਲੜਨ ਜੋਗਾ ਬਣਾਇਆ ਹੋਇਆ ਹੈ। ਤੁਸੀਂ ਨਲੀਆਂ ਵੱਟਦੇ ਤੇ ਰੂੰ ਪਿੰਜਦੇ ਪਿੰਜਦੇ ਹੀ ਉਨ੍ਹਾਂ ਵਲ ਉਠ ਤੁਰੇ। ਅਗਲਿਆਂ ਸੁਟ'ਤਾ ਨਾ ਤੁਹਾਨੂੰ ਤਲਵਾਰਾਂ ਨਾਲ ਪਿੰਜ ਕੇ। ਮੁਲਾਣਿਆਂ ਦਾ ਕੀ ਗਿਆ।"—ਇਹੋ ਜਿਹੇ ਤਾਅਨੇ ਮਿਹਣੇ ਤੇ ਮਤਲਬ ਭਰੀਆਂ ਨਸੀਹਤਾਂ ਘਰ ਘਰ ਸੁਣੀਦੀਆਂ ਸਨ। ਘਰੀਂ ਘਰੀਂ ਮਾਤਮ ਵਿਛੇ ਪਏ ਸਨ।

ਇਨ੍ਹੀਂ ਦਿਨੀਂ ਸਾਈਂ ਬੁਲ੍ਹੇ ਸ਼ਾਹ ਲਾਹੌਰ ਹੀ ਸਨ। ਗਾਜ਼ੀਆਂ ਦੀ ਚੜ੍ਹਾਈ ਤੇ ਫਿਰ ਮੰਦੇ ਹਾਲੀਂ ਵਾਪਸੀ ਉਨ੍ਹਾਂ ਅੱਖੀਂ ਵੇਖੀ ਸੀ। ਮੁਲਾਂ ਮੁਲਾਣਿਆਂ ਦੀ ਕਰਤੂਤ ਤੇ ਜੋ ਗਾਜ਼ੀਆਂ ਨਾਲ ਹੋਈ ਬਣੀ, ਉਨ੍ਹਾਂ ਉਸ ਵਲ ਬੜਾ ਸੋਹਣਾ ਇਸ਼ਾਰਾ ਕੀਤਾ ਹੈ - ਬੁਲ੍ਹਿਆ ਮੁਲਾਂ ਅਤੇ ਮਸ਼ਾਲਚੀ ਦੋਹਾਂ ਇਕੋ ਚਿਤ।

ਲੋਕਾਂ ਕਰਦੇ ਚਾਨਣਾ, ਆਪ ਅੰਨ੍ਹੇਰੇ ਨਿਤ।

ਗਾਜ਼ੀਆਂ ਨੂੰ ਵੀ ਗੁਝੀ ਰਮਜ਼ ਦਸੀ :

ਬੁਲ੍ਹਿਆ ਜੇ ਤੂੰ ਗਾਜ਼ੀ ਬਣਨਾ ਏਂ, ਲੱਕ ਬੰਨ੍ਹ ਤਲਵਾਰ।
ਪਹਿਲਾਂ ਰੰਘੜ ਮਾਰ ਕੇ, ਪਿਛੋਂ ਕਾਫ਼ਰ ਮਾਰ।

[ਚਲਦਾ]

## ਫੁਟਨੋਟ ਅਤੇ ਹਵਾਲੇ

੧. ਸਮਾਣਾ ਬੰਦਾ ਸਿੰਘ ਬਹਾਦਰ ਨੂੰ ਬਹੁਤ ਬੁਰੀ ਤਰ੍ਹਾਂ ਰੜਕਦਾ ਸੀ। ਸਿੰਘ ਸਮਾਣਾ ਤੇ ਸਰਹੰਦ ਨੂੰ ਸੀਨੇ ਦੇ ਸੱਲ ਸਮਝਦੇ ਸਨ ਤੇ ਜਿੰਨਾ ਚਿਰ ਇਹਨਾਂ ਨਾਲ ਹਿਸਾਬ ਸਾਂਝਾ ਨਾ ਕਰ ਲਿਆ ਜਾਵੇ ਉਨ੍ਹਾਂ ਨੂੰ ਚੈਨ ਨਹੀਂ ਸੀ। ਜਲਾਲਦੀਨ ਜੱਲਾਦ, ਜਿਸਨੇ ਗੁਰੂ ਤੇਗ ਬਹਾਦਰ ਨੂੰ ਸ਼ਹੀਦ ਕੀਤਾ ਸੀ, ਇਥੋਂ ਦਾ ਰਹਿਣ ਵਾਲਾ ਸੀ। ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਜ਼ਿਬ੍ਹਾ ਕਰ ਕੇ ਸਿਰ ਉਤਾਰਨ ਵਾਲੇ ਛਾਛਲ ਬੇਗ ਤੇ ਬਾਛਲ ਬੇਗ ਇਸੇ ਜਲਾਲਦੀਨ ਦੇ ਪੁਤਰ ਸਨ। ਸਯਦ ਅਲੀ ਹੁਸੈਨ, ਜਿਸ ਨੇ ਔਰੰਗਜ਼ੇਬ ਬਾਦਸ਼ਾਹ ਵਲੋਂ ਜਾ ਕੇ ਅਨੰਦਪੁਰ ਸਾਹਿਬ ਦੇ ਘੇਰੇ ਵੇਲੇ ਗੁਰੂ ਗੋਬਿੰਦ ਸਿੰਘ ਜੀ ਮੂਹਰੇ ਕੁਰਾਨ ਦੀ ਕਸਮ ਖਾਧੀ ਸੀ ਕਿ ਕਿਲ੍ਹਾ ਛਡਣ ਦੀ ਸੂਰਤ ਵਿਚ ਉਨ੍ਹਾਂ ਤੇ ਕੋਈ ਹਮਲਾ ਨਹੀਂ ਹੋਵੇਗਾ ਤੇ ਪਿਛੋਂ ਦਗਾ ਕਮਾਇਆ ਤੇ ਹੱਲਾ ਕਰਵਾਇਆ ਸੀ, ਉਹ ਵੀ ਇਸੇ ਸਮਾਣਾ ਦਾ ਹੀ ਸੀ। ਅਨੰਦਪੁਰ ਸਾਹਿਬ ਤੇ ਫਿਰ ਚਮਕੌਰ ਦੇ ਯੁਧਾਂ ਵਿਚ ਇਥੋਂ ਦਿਆਂ ਲੋਕਾਂ ਨੇ ਬੜੇ ਦੀਨੀ ਜੋਸ਼ੋ-ਖ਼ਰੋਸ਼ ਨਾਲ ਹਿੱਸਾ ਲਿਆ ਸੀ। ਸਿੰਘਾਂ ਦੀ ਨਿਗਾਹ ਵਿਚ ਇਹ ਅਤੀ ਪਾਪੀ ਤੇ ਨਿਰਦਈ ਸ਼ਹਿਰ ਸੀ ਤੇ ਉਹ ਬੜੇ ਚਿਰ ਤੋਂ ਕਿਸੇ ਮੌਕੇ ਦੀ ਤਾੜ ਵਿਚ ਸਨ। ਅੰਤ ਉਹ ਸਮਾਂ ਆ ਪਹੁੰਚਿਆ। ਬੰਦਾ ਸਿੰਘ ਦੀ ਅਗਵਾਈ ਵਿਚ ਸਿੰਘਾਂ ਦਾ ਦਲ ੨੬ ਨਵੰਬਰ ੧੭੦੯ ਈ: ਵਾਲੇ ਦਿਨ ਇਸ ਪਾਪ ਦੀ ਨਗਰੀ ਤੇ ਕੜਕ ਪਿਆ। ਤੜਕਸਾਰ ਸ਼ਹਿਰ ਨੂੰ ਘੇਰ ਲਿਆ ਤੇ ਕੋਈ ਜੀਅ ਨਾ ਬਾਹਰ ਨਿਕਲਣ ਦਿਤਾ ਗਿਆ। ਸਭ ਤੋਂ ਪਹਿਲਾਂ ਜਲਾਲਦੀਨ ਦਾ ਪਰਵਾਰ। ਛਾਛਲ ਬੇਗ ਤੇ ਛਾਛਲ ਬੇਗ ਦਾ ਬਾਲ ਬੱਚਾ ਖ਼ਾਸ ਤੌਰ ਤੇ ਅਤੇ ਸਯਦ ਅਲੀ ਹੁਸੈਨ ਦੀ ਸਾਰੀ ਆਲ ਔਲਾਦ ਫੜ ਕੇ ਉਨ੍ਹਾਂ ਮੂਹਰੇ ਕੀਮਾ ਕੀਮਾ ਕਰ ਕੇ ਅੱਗ ਵਿਚ ਸਾੜੇ ਗਏ। ਫਿਰ ਉਸੇ ਮਰਨੀ ਉਨ੍ਹਾਂ ਨੂੰ ਮਾਰਿਆ। ਸਾਰੇ ਸ਼ਹਿਰ ਦੀ ਇੱਟ ਨਾਲ ਇੱਟ ਖੜਕਾ ਦਿਤੀ। ਦੁਪਹਿਰ ਤੋਂ ਪਹਿਲਾਂ ਪਹਿਲਾਂ ਸਾਰੀ ਵਸੋਂ ਤਲਵਾਰ ਦੇ ਘਾਟ ਉਤਾਰ ਦਿਤੀ ਗਈ।

ਸਮਾਣੇ ਦਾ ਸ਼ਹਿਰ ਜ਼ਿਲਾ ਸੀ ਤੇ ਇਸ ਦੇ ਵਿਚ ਨੌਂ ਪਰਗਣੇ ਸ਼ਾਮਲ ਸਨ। ਸਭ ਦੌਲਤ ਸਮੇਟ ਲਈ ਗਈ

www.AKJ.Org

ਤੇ ਫਤਹ ਸਿੰਘ ਨੂੰ ਇਥੋਂ ਦਾ ਹਾਕਿਮ ਥਾਪਿਆ ਗਿਆ। ਬੰਦਾ ਸਿੰਘ ਬਹਾਦਰ ਵਲੋਂ ਜਿੱਤੇ ਇਲਾਕੇ ਉਤੇ ਜੋ ਪਹਿਲਾ ਰਾਜਸੀ ਪ੍ਰਬੰਧ ਕਾਇਮ ਕੀਤਾ ਗਿਆ, ਉਹ ਸਮਾਣਾ ਸੀ। ਸੋ ਸਮਾਣਾ ਖਾਲਸਾ ਰਾਜ ਦੀ ਪਹਿਲੀ ਰਾਜਸੀ ਇਕਾਈ ਸੀ।

ਡਾ: ਹਰੀ ਰਾਮ ਗੁਪਤਾ–ਹਿਸਟਰੀ ਆਫ ਦੀ ਸਿਖਸ–Vol. II, ਸਫਾ ੯, ਅਗੇ ਹੋਰ ਹਵਾਲਾ–ਫੂਲਕੀਆਂ ਸਟੇਟਸ ਗਜ਼ਟੀਅਰ ੧੯੦੪, ਸਫਾ ੨੦੫, ਗਿਆਨੀ ਗਿਆਨ ਸਿੰਘ–ਪੰਥ ਪ੍ਰਕਾਸ਼, ਸਫਾ ੩੫੦-੫੧,

੨. ਗਿਆਨੀ ਗਿਆਨ ਸਿੰਘ–ਪੰਥ ਪ੍ਰਕਾਸ਼, ਸਫ਼ਾ ੩੫੩ ਕੁੰਜਪੁਰਾ, ਘੁੜਾਮ ਤੇ ਠਸਕਾ ਮੁਸਲਮਾਨ ਰੰਘੜਾਂ ਦੇ ਕਸਬੇ ਸਨ। ਇਹ ਰੰਘੜ ਬੜੇ ਬਦ ਅਤੇ ਆਚਰਨ-ਹੀਣ ਲੋਕ ਸਨ। ਹਰ ਕਿਸਮ ਦਾ ਮਾੜਾ ਕਰਮ ਦਿਨ-ਪ੍ਰਤੀ-ਦਿਨ ਇਨ੍ਹਾਂ ਦੀ ਜ਼ਿੰਦਗੀ ਦਾ ਅਨਿਖੜਵਾਂ ਅੰਗ ਬਣ ਚੁਕਿਆ ਸੀ। ਕਮਜ਼ੋਰਾਂ ਦੀ ਬਹੂ-ਬੇਟੀਆਂ ਦੀ ਇਜ਼ਤ-ਆਬਰੂ ਇਨ੍ਹਾਂ ਭਾਣੇ ਤੁਛ ਬਰਾਬਰ ਸੀ। ਬਲਾਤਕਾਰ ਨੂੰ ਇਹ ਲੋਕ ਸੂਰਮਗਤੀ ਗਿਣਦੇ ਸਨ। ਗੈਰ-ਮੁਸਲਮਾਨ ਸਭ ਕੁਝ ਜਰੀ ਜਾਂਦੇ ਸਨ, ਪਰ ਵਿਰੋਧ ਵਿਚ ਉਠ ਕੇ ਇਨ੍ਹਾਂ ਨਾਲ ਦੋ ਦੋ ਹੱਥ ਕਰਨੋਂ ਸਭ ਡਰਦੇ ਸਨ। ਗ਼ਰੀਬ ਮੁਸਲਮਾਨ ਦੀ ਖ਼ੂਬਸੂਰਤ ਲੜਕੀ ਔਰਤ ਦਾ ਸਤ-ਪਤ ਭੰਗ ਕਰਨੋਂ ਵੀ ਨਹੀਂ ਸਨ ਚੁਕਦੇ। ਇਨ੍ਹਾਂ ਕਸਬਿਆਂ ਦੀ ਜੂਹ ਵਿਚਦੀ ਲੰਘਣ ਵਾਲੇ ਮੁਸਾਫ਼ਰ ਕਈ ਵਾਰ ਸੋਚ ਕੇ ਲੰਘਦੇ ਸਨ। ਸਿੰਘਾਂ ਨੇ ਇਨ੍ਹਾਂ ਰੰਘੜਾਂ ਦੀ ਉਹ ਬਾਥ ਕੀਤੀ, ਜੋ ਇਹ ਕਬਰਾਂ ਵਿਚ ਪਏ ਕਿਆਮਤ ਤਕ ਯਾਦ ਰਖਣਗੇ। ਇਨ੍ਹਾਂ ਵਿਚ ਵੱਡੇ ਖਬੀ ਖ਼ਾਨ, ਜੋ ਰੱਬ ਭੁਲਾਈ ਬੈਠੇ ਸਨ, ਫੜ ਕੇ ਨਰੜ ਲਏ ਗਏ। ਪਹਿਲਾਂ ਜ਼ਬਾਨਾਂ ਖਿਚ ਕੇ ਜੜ੍ਹੋਂ ਕਢੀਆਂ ਗਈਆਂ ਤੇ ਫੇਰ ਬਲਮਾਂ ਨਾਲ ਅੱਖਾਂ ਕਢੀਆਂ। ਪਿਛੋਂ ਜੀਉਂਦੇ ਅੱਗ ਵਿਚ ਸਾੜ ਦਿਤੇ। ਬਾਲ, ਬਿਰਧ ਤੇ ਜ਼ਨਾਨੀਆਂ ਛੱਡ ਕੇ ਬਾਕੀ ਸਭ ਤਲਵਾਰ ਦੇ ਘਾਟ ਉਤਾਰ ਦਿਤੇ।

੩. ਗਿਆਨੀ ਗਿਆਨ ਸਿੰਘ–ਪੰਥ ਪ੍ਰਕਾਸ਼–ਸਫ਼ਾ ੩੫੩–ਕੁੰਜ ਪੁਰਾ ਤੇ ਦਾਮਲਾ ਪਿੰਡ ਉਨ੍ਹਾਂ ਪਠਾਣਾਂ ਦੇ ਸਨ ਜੋ ਭੰਗਾਣੀ ਦੇ ਯੁਧ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਨਾਲ ਵਿਸਾਹਘਾਤ ਕਰ ਕੇ ਲੁਟਮਾਰ ਦੇ ਲਾਲਚ ਵਿਚ ਆ ਕੇ ਪਹਾੜੀ ਰਾਜਿਆਂ ਨਾਲ ਜਾ ਰਲੇ ਸਨ। ਇਨ੍ਹਾਂ ਚੋਂ ਬਹੁਤ ਸਾਰੇ ਮੈਦਾਨ ਵਿਚ ਸਿੱਖਾਂ ਦੇ ਹਥੋਂ ਮਾਰੇ ਗਏ, ਜੋ ਰਿਹਾ ਰਵੇਂਨਾ ਬਚਿਆ, ਉਸ ਨੇ ਮੈਦਾਨ ਚੋਂ ਨਸ ਕੇ ਜਾਨ ਬਚਾਈ।

ਇਹ ੫੦੦ ਪਠਾਣ ਔਰੰਗਜ਼ੇਬ ਦੀ ਸ਼ਾਹੀ ਫ਼ੌਜ ਵਿਚ ਭਰਤੀ ਸਨ। ਬਾਦਸ਼ਾਹ ਨੇ ਕਿਸੇ ਗੱਲੋਂ ਨਰਾਜ਼ ਹੋ ਕੇ ਇਨ੍ਹਾਂ ਨੂੰ ਸਜ਼ਾ ਦੇ ਕੇ ਫ਼ੌਜ ਵਿਚੋਂ ਕਢ ਦਿਤਾ ਤੇ ਢੰਡੋਰਾ ਫਿਰਵਾ ਦਿਤਾ ਕਿ ਇਨ੍ਹਾਂ ਨੂੰ ਹਿੰਦੁਸਤਾਨ ਵਿਚ ਕੋਈ ਮੂੰਹ ਨਾ ਲਾਵੇ ਤੇ ਨਾ ਹੀ ਇਨ੍ਹਾਂ ਨੂੰ ਕੋਈ ਆਪਣੇ ਪਾਸ ਨੌਕਰ ਰਖੇ। ਇਹ ਭੁੱਖੇ ਮਰਦੇ ਸਾਈਂ ਬੁਧੂਸ਼ਾਹ ਜੀ ਪਾਸ ਸਢੌਰੇ ਅਪੜੇ ਤੇ ਰੋਜ਼ੀ ਕਮਾਉਣ ਦੀ ਕੋਈ ਬਿਧ ਬਨਾਉਣ ਲਈ ਬੇਨਤੀ ਕੀਤੀ। ਸਾਈਂ ਜੀ ਨੂੰ ਪਤਾ ਸੀ ਕਿ ਸਾਰੇ ਹਿੰਦੁਸਤਾਨ ਵਿਚ ਸਿਵਾਏ ਗੁਰੂ ਘਰ ਤੋਂ ਕਿਸੇ ਦਾ ਹੌਸਲਾ ਨਹੀਂ ਕਿ ਇਨ੍ਹਾਂ ਦੇ ਆੜੇ ਆਏ। ਉਨ੍ਹਾਂ ਦੀ ਗੁਰੂ ਘਰ ਤੇ ਅਥਾਹ ਸ਼ਰਧਾ ਤੇ ਗੁਰੂ ਗੋਬਿੰਦ ਰਾਏ ਜੀ ਨਾਲ ਗਹਿਰਾ ਪਿਆਰ ਸੀ। ਉਹ ਇਹ ਵੀ ਜਾਣਦੇ ਸਨ ਕਿ ਇਨ੍ਹਾਂ ਨੂੰ ਮੂੰਹ ਲਾਉਣਾ ਔਰੰਗਜ਼ੇਬ ਦੀ ਹੁਕਮ-ਅਦੂਲੀ ਹੈ ਤੇ ਇਹ ਕਿੰਨਾ ਪੱਥਰ-ਦਿਲ ਬੰਦਾ ਹੈ। ਗੁਰੂ ਘਰ, ਜੋ ਨਿਧਿਰਿਆਂ ਦੀ ਧਿਰ ਤੇ ਨਿਆਸਰਿਆਂ ਦਾ ਆਸਰਾ ਹੈ, ਉਸ ਦੀ ਓਟ ਤਕਾ ਇਨ੍ਹਾਂ ਦੀ ਸਿਫ਼ਾਰਸ਼ ਕੀਤੀ। ਦਸਮੇਸ਼ ਜੀ ਭਲਾ ਆਪਣੇ ਬੇਲੀ ਦਾ ਕਿਹਾ ਕਿਵੇਂ ਟਾਲਦੇ! ਚੰਗੀਆਂ ਤਨਖ਼ਾਹਾਂ ਦੇ ਕੇ ਪੰਜੇ ਮੁਖੀ ਪਠਾਣ ਤੇ ਉਨ੍ਹਾਂ ਦੇ ੫੦੦ ਸਿਪਾਹੀ ਆਪਣੇ ਪਾਸ ਰਖ ਲਏ। ਸਵਾਰ ਨੂੰ ਰੋਜ਼ ਦਾ ਇਕ ਰੁਪਇਆ, ਸਰਦਾਰ ਨੂੰ ੫ ਰੁਪਏ। ਕਾਲੇ ਖ਼ਾਨ, ਭੀਖਨ ਖਾਨ, ਹੱਯਾਤ ਖਾਨ ਤੇ ਉਮਰ ਖਾਨ ਇਹ ਚਾਰੇ ਸਰਦਾਰ ਦਾਮਲੇ ਦੇ ਸਨ। ਪੰਜਵਾਂ ਸਰਦਾਰ ਨਜਾਬਤ ਖਾਨ ਕੁੰਜ ਪੁਰੇ ਦਾ ਵਾਸੀ ਸੀ। ਇਹ ਉਹੋ ਨਜਾਬਤ ਖਾਨ ਹੈ ਜੋ ਸੰਗੋ ਸ਼ਾਹ ਹਥੋਂ ਮਾਰਿਆ ਗਿਆ ਸੀ। ਦੇਖੋ ਬਚਿੱਤ੍ਰ ਨਾਟਕ–"ਮਾਰ ਨਜਾਬਤ ਖਾਨ ਕੋ ਸੰਗੋ ਜੁਝੇ ਜੁਝਾਰ।"

ਯੁਧ ਹੋਣ ਤੋਂ ਪਹਿਲਾਂ ਹੀ ਨਮਕ ਹਰਾਮੀ ਕਰਕੇ ਛਿਮਾਹੀ ਦੀ ਤਨਖ਼ਾਹ ਲੈ ਛੁਟੀ ਮੰਗ ਲਈ, ਦੀਵਾਨ ਨੰਦ ਚੰਦ ਨਾਜ਼ੀਂ ਸਤਿਗੁਰ ਨੇ ਕਿਹਾ, ਤੁਸੀਂ ਸਿਪਾਹੀ [illegible] ਹੋਣ ਵਾਲਾ ਹੈ, ਜ਼ਰਾ ਵੇਖੋ ਤੇ ਵਿਖਾਉ ਹੱਥ।

www.AKJ.org

ਦੋ ਕੁ ਮਹੀਨੇ ਰੁਕੋ, ਯੁਧ ਪਿਛੋਂ ਚਲੇ ਜਾਇਓ। ਅਗੋਂ ਕਿਹਾ ਕਿ ਸਾਡੇ ਧੀਆਂ ਪੁਤਾਂ ਦੇ ਨਿਕਾਹ ਹਨ। ਕੁਝ ਨੇ ਕਿਹਾ, ਸਾਡੇ ਛੋਟੇ ਬੱਚਿਆਂ ਦੀਆਂ ਸੁੰਨਤਾਂ ਕਰਨੀਆਂ ਹਨ। ਅਸੀਂ ਤਾ ਇਕ ਦਿਨ ਵੀ ਨਹੀਂ ਠਹਿਰ ਸਕਦੇ। ਇਹ ਅਕਿਤਘਣ ਤਾਂ ਰਾਜਿਆਂ ਨਾਲ ਪੱਕੀ ਪਕਾਈ ਬੈਠੇ ਸਨ। ਔਖੀ ਵੇਲੇ ਪਿਠ ਦੇ ਕੇ ਚਲਦੇ ਬਣੇ। ਪਰ ਗੁਰੂ ਘਰ ਕਿਸੇ ਦਾ ਮੁਥਾਜ ਹੈ ?

ਰਾਜਿਆਂ ਨੇ ਪਠਾਣਾਂ ਨੂੰ ਪਾੜਨ ਦਾ ਇਸ਼ਾਰਾ ਕੀਤਾ। ਫਤਹ ਸ਼ਾਹ ਦੇ ਵਜ਼ੀਰ ਰਤਨ ਚੰਦ ਤੇ ਭੀਮ ਚੰਦ ਦੇ ਵਜ਼ੀਰ ਪਰਮਾਨੰਦ ਨਾਲ ਗੁਪਤ ਗੱਲ ਬਾਤ ਚਲਾਈ। ਬਹੁਤ ਸਾਰਾ ਧਨ ਦੇਣ ਦਾ ਲਾਲਚ ਦੇ ਕੇ ਗੁਰੂ ਸਾਹਿਬ ਬਾਰੇ ਭੇਤ ਪੁਛਿਆ। ਇਨ੍ਹਾਂ ਲੂਣ ਹਰਾਮੀਆਂ ਕਿਹਾ ਕਿ ਸਾਡੇ ਤੋਂ ਬਿਨਾਂ ਗੁਰੂ ਪਾਸ ਕੋਈ ਲੜਨ ਵਾਲਾ ਨਹੀਂ। ਬਾਕੀ ਬਸ ਜੱਟ, ਛੀਂਬੇ, ਨਾਈ, ਝਿਊਰ, ਤਰਖਾਣ, ਰੋੜੇ, ਖਤਰੀ ਤੇ ਕਮੀਣ ਕਾਂਦੂ ਇਕੱਠਾ ਕੀਤਾ ਹੈ। ਕੁਝ ਸਾਧ ਫ਼ਕੀਰ ਹਨ, ਜੋ ਸਿਰਫ਼ ਲੰਗਰ ਛਕਣ ਵਾਲੇ ਹੀ ਹਨ, ਉਨ੍ਹਾਂ ਨੂੰ ਜੰਗ ਦੀ ਕੀ ਸਾਰ ਹੈ। ਜਦ ਠਾਹ ਠਾਹ ਹੋਈ, ਇਨ੍ਹਾਂ ਸਭ ਭੁਰਕ ਹੋ ਜਾਣਾ ਹੈ। ਅਸੀਂ ਹੱਥੀਂ ਗੁਰੂ ਜੀ ਨੂੰ ਫੜ ਲਵਾਂਗੇ। ਭੀਮ ਚੰਦ ਨੇ ਖਟ ਲੁਟੇ ਜਾਣ ਵੇਲੇ ਰਾਜਿਆਂ ਨੂੰ ਆਖਿਆ ਸੀ ਕਿ ਗੁਰੂ ਨੂੰ ਮਾਰ ਲਈਏ ਜਾਂ ਹੱਥੀ ਫੜ ਕੇ ਦਿੱਲੀ ਬਾਦਸ਼ਾਹ ਪਾਸ ਤੋਰ ਦਈਏ, ਉਹ ਉਥੇ ਆਪੇ ਉਸ ਨੂੰ ਪਿਤ੍ਰੀ ਪਾਸ ਪਹੁੰਚਾ ਦੇਵੇਗਾ। ਉਸ ਨੂੰ ਪਠਾਣਾਂ ਦੀਆਂ ਗੱਲਾਂ ਸੁਣ ਕੇ ਇਹ ਸੁਪਨਾ ਪੂਰਾ ਹੁੰਦਾ ਨਜ਼ਰ ਆਇਆ। ਪਠਾਣਾਂ ਨੂੰ ਕਹਿਓ ਸੁ ਕਿ ਮੂੰਹ-ਮੰਗੇ ਇਨਾਮ ਦਿਆਂਗੇ। ਲੜਾਈ ਵਿਚ ਨਿੱਤ ਦਾ ਟੈਂਟਾ ਨਿਬੇੜ ਦਿਓ। ਪਠਾਣਾਂ ਮੰਨਵਾਇਆ ਕਿ ਗੁਰੂ ਸਾਹਿਬ ਦੇ ਡੇਰੇ ਦੀ ਲੁੱਟ, ਹਥਿਆਰ ਘੋੜੇ ਸਾਨੂੰ ਲੁੱਟਣ ਦੀ ਖੁਲ੍ਹ ਦਿਤੀ ਜਾਵੇ। ਭੀਮ ਚੰਦ ਨੇ ਖੁਸ਼ ਹੋ ਕੇ ਆਗਿਆ ਦਿਤੀ। ਹੋਣੀ ਕਿਡੀ ਪ੍ਰਬਲ ਹੈ ! ਬਟੇਰੇ ਬਾਜਾਂ ਵਲ ਤੁਰ ਪਏ।

ਯਾਦ ਰਖਿਆ ਜਾਵੇ ਕਿ ਕਾਲੇ ਖ਼ਾਨ ਆਪਣੇ ਧਰਮ ਤੇ ਰਿਹਾ। ਉਹ ਤੇ ਉਸਦੇ ੧੦੦ ਸਾਥੀ ਨਹੀਂ ਗਏ। ਭੰਗਾਣੀ ਦੇ ਯੁਧ ਵਿਚ ਉਨ੍ਹਾਂ ਯਥਾ ਯੋਗ ਹਿੱਸਾ ਪਾਇਆ। ਬਾਕੀ ਚਾਰੇ ਨਮਕ ਹਰਾਮੀ ਮਾਰੇ ਗਏ ਤੇ ੪੦੦ ਭਗੌੜੇ ਪਠਾਣ ਸਿੱਖਾਂ ਦੀਆਂ ਸਾਂਗਾਂ ਤੇ ਨੇਜ਼ਿਆਂ, ਭਾਲਿਆਂ,ਤੀਰਾਂ,ਗੋਲੀਆਂ ਦੇ ਨਿਸ਼ਾਨੇ ਬਣੇ, ਕਾਫਰ ਹੋ ਕੇ ਮਰੇ।

ਸਿੰਘਾਂ ਨੂੰ ਇਨ੍ਹਾਂ ਦਾਮਲੇ ਤੇ ਕੁੰਜਪੁਰੇ ਦੇ ਪਠਾਣਾਂ ਦੀ ਕਰਤੂਤ ਚੰਗੀ ਯਾਦ ਸੀ। ਇਨ੍ਹਾਂ ਨਮਕ-ਹਰਾਮਾਂ ਦੇ ਪਿੰਡਾਂ ਨੂੰ ਇਸ ਲਈ ਚੰਗੀ ਤਰ੍ਹਾਂ ਸੋਧਿਆ ਗਿਆ।

੪. ਖ਼ਾਫ਼ੀ ਖ਼ਾਨ ਮੁਨਤਖ਼ਬ-ਉਲ-ਲੁਬਾਬ--ਹਿਸਾ ਦੂਜਾ, ਸਫ਼ਾ ੬੬੦

ਸਢੌਰੇ ਦਾ ਹਾਕਿਮ ਉਸਮਾਨ ਅਲੀ ਬੜਾ ਤੁਅਸਬੀ ਤੇ ਹੈਂਕੜ-ਬਾਜ਼ ਸੀ। ਸਾਈਂ ਬੁਧੂ ਸ਼ਾਹ ਨੂੰ ਗੁਰੂ ਗੋਬਿੰਦ ਰਾਇ (ਗੁਰੂ ਗੋਬਿੰਦ ਸਿੰਘ) ਦੀ ਭੰਗਾਣੀ ਦੇ ਯੁੱਧ ਵਿਚ ਸਹਾਇਤਾ ਕਰਨ ਦੇ ਸਬੱਬ, ਫੜ ਕੇ ਬੜਾ ਕੋਹ ਕੇ ਮਾਰਿਆ ਸੀ। ਪਹਿਲਾਂ ਉਸ ਦੀ ਜੀਉਂਦੇ ਦੀ ਖਲ ਲਾਹੀ, ਫਿਰ ਟੁਕੜੇ ਟੁਕੜੇ ਕਰ ਕੇ ਸਾੜ ਦਿਤਾ ਸੀ। ਇਹ ਵੀ ਉਨ੍ਹਾਂ ੪੨ ਦੁਸ਼ਟਾਂ ਦੀ ਲਿਸਟ ਵਿਚ ਸੀ। ਦੂਜਾ ਇਸ ਨੇ ਹਿੰਦੂਆਂ ਦਾ ਜੀਉਣਾ ਹਰਾਮ ਕੀਤਾ ਹੋਇਆ ਸੀ। ਉਨ੍ਹਾਂ ਨੂੰ ਆਏ ਦਿਨ ਜ਼ਲੀਲ ਕਰਦਾ ਰਹਿੰਦਾ ਸੀ।

ਜਦ ਬੰਦਾ ਸਿੰਘ ਨੇ ਹਮਲਾ ਕੀਤਾ ਤਾਂ ਮੌਲਾਣਿਆਂ ਦੇ ਭੂਏ ਕੀਤੇ ਸਭ ਪਗ-ਬੰਨ੍ਹ ਤੇ ਬੁਢਿਆਂ ਤਕ ਹਾਲ ਹੂਲ ਕਰਦੇ ਉਸਮਾਨ ਅਲੀ ਦੀ ਫ਼ੌਜ ਨਾਲ ਖ਼ਾਲਸੇ ਦੇ ਟਾਕਰੇ ਲਈ ਬਾਹਰ ਨਿਕਲੇ। ਪਰ ਜਦ ਫਰਨ ਫਰਨ ਤਲਵਾਰਾਂ ਚਲਣ ਲਗੀਆਂ ਤਾਂ ਮੁਰਦੇ ਤੇ ਜ਼ਖ਼ਮੀ ਉਥੇ ਹੀ ਛਡ ਕੇ ਸ਼ਹਿਰ ਵਿਚ ਜਾ ਵੜੇ ਤੇ ਇਕ ਤਕੜੀ ਖੁਲ੍ਹੀ ਹਵੇਲੀ ਵਿਚ ਜਾ ਇਕੱਠੇ ਹੋਏ। ਸਿੰਘਾਂ ਵੀ ਮਗਰੇ ਆ ਸਿਰ ਨਪਿਆ ਤੇ ਸਾਰੇ ਇਸ ਹਵੇਲੀ ਵਿਚ ਹੀ ਇਕ-ਵਢਿਓਂ ਕਤਲ ਕੀਤੇ ਗਏ। ਇਸ ਹਵੇਲੀ ਨੂੰ ਖ਼ਾਫ਼ੀ ਖ਼ਾਨ ਨੇ ਕਤਲ ਗੜ੍ਹੀ ਲਿਖਿਆ ਹੈ। (ਅੱਜ ਕਲ ਇਥੇ ਜੈਨੀਆਂ ਨੇ ਕੁੜੀਆਂ ਦਾ ਹਾਇਰ ਸੈਕੰਡਰੀ ਸਕੂਲ ਬਣਾਇਆ ਹੋਇਆ ਹੈ)।

ਕੁਤਬਉਲ ਕਤਾਬ ਦਾ ਮਕਬਰਾ ਜੋ ਨਕਟੀ ਨਦੀ ਵਲ ਜਾਂਦਿਆਂ ਸ਼ਹਿਰ ਵਿਚ ਪੱਛਮ ਵੱਲ ਹੈ, ਇਸ ਬਾਰੇ ਹਿੰਦੂਆਂ ਦੇ ਦਿਲ ਵਿਚ ਇਹ ਡਰ ਬਿਠਾਇਆ ਹੋਇਆ ਸੀ ਕਿ ਜੇ ਹਿੰਦੂ ਆਪਣਾ ਮੁਰਦਾ ਲੈ ਕੇ ਮਕਬਰੇ ਦੇ ਨਾਲ ਦੀ ਲੰਘਣਗੇ ਤਾਂ ਮੁਰਦਾ ਸਿੜ੍ਹੀ ਉਤੇ ਸੜੇਗਾ ਨਹੀਂ। ਹਿੰਦੂ ਡਰਦੇ ਇਧਰ ਨਦੀ ਵਾਲੇ ਪਾਸੇ ਜਾਂਦੇ


www.AKJ.Org

ਹੀ ਨਹੀਂ ਸਨ, ਆਪਣੇ ਮੁਰਦੇ ਚੜ੍ਹਦੇ ਪਾਸੇ ਲੈ ਜਾਂਦੇ ਸਨ।

ਜਦ ਬੰਦਾ ਸਿੰਘ ਨੇ ਸਢੌਰਾ ਮਾਰ ਲਿਆ ਤੇ ਹਿੰਦੂਆਂ ਨੂੰ ਵੀ ਉਨ੍ਹਾਂ ਦੀਆਂ ਦੁਖ ਤਕਲੀਫ਼ਾਂ ਪੁਛੀਆਂ ਤਾਂ ਉਨ੍ਹਾਂ ਇਸ ਮਕਬਰੇ ਵਾਲੀ ਤਕਲੀਫ਼ ਦੀ ਗੱਲ ਕੀਤੀ। ਤੁਅੱਸਬੀ ਮੁਸਲਮਾਨਾਂ ਦੀ ਇਹ ਬੜੀ ਹੈਂਕੜ ਨਾਲ ਫੈਲਾਈ ਗੱਲ ਸੀ। ਹਿੰਦੂਆਂ ਦਾ ਸਿੰਘਾਂ ਨੇ ਡਰ ਕਢਣ ਲਈ ਮੌਲਾਣਿਆਂ ਪਾਸੋਂ ਅਸਲੀਅਤ ਪੁਛੀ। ਉਨ੍ਹਾਂ ਸਮਝਿਆ, ਸ਼ਾਇਦ ਖਾਲਸਾ ਵੀ ਇਸ ਵਹਿਮ ਦਾ ਸ਼ਿਕਾਰ ਬਣ ਜਾਵੇਗਾ। ਕੁਤਬ ਸਾਹਿਬ ਦੀਆਂ ਸ਼ਕਤੀਆਂ ਤੇ ਕਰਾਮਾਤਾਂ ਨੂੰ, ਜੋ ਸਿਰਫ਼ ਉਨ੍ਹਾਂ ਅਤੇ ਵਹਿਮਾਂ ਭਰਮਾਂ ਦੇ ਗ੍ਰਸੇ ਬ੍ਰਾਹਮਣਾਂ ਤੇ ਬਾਣੀਆਂ ਖਤਰੀਆਂ ਸ਼ੂਦਰਾਂ ਦੇ ਮਨਾਂ ਨੂੰ ਜਕੜੀ ਬੈਠੀਆਂ ਸਨ, ਬੜਾ ਵਧਾ ਚੜ੍ਹਾ ਕੇ ਦਸਿਆ ਤੇ ਕਿਹਾ, "ਕਿ ਹੱਥ ਕੰਗਣ ਕੋ ਆਰਸੀ ਕਿਆ, ਅਜ਼ਮਾਇਸ਼ ਕਰ ਕੇ ਵੇਖ ਲਵੋ!" ਸਿੰਘਾਂ ਕਿਹਾ ਕਿ ਦੇਰ ਕਾਹਦੀ, ਹੁਣੇ ਕਰ ਲੈਂਦੇ ਹਾਂ। ਤੁਹਾਡਾ ਡਾਢਾ ਕੁਤਬ ਹਿੰਦੂਆਂ ਦੇ ਮੁਰਦੇ ਜੇ ਨਾਲ ਦੀ ਲੰਘ ਜਾਣ ਤਾਂ ਸੜਨ ਨਹੀਂ ਦੇਂਦੇ, ਅਸੀਂ ਉਹਦੀ ਕਬਰ ਸਮੇਤ ਮਕਬਰਾ ਸਾੜਾਂਗੇ। ਉਸਨੂੰ ਕਹਿਣਾ ਕਿ ਜ਼ਰਾ ਇਸ ਨੂੰ ਬਚਾ ਕੇ ਵਿਖਾਵੇ। ਅਸੀਂ ਆਏ ਕਿ ਆਏ, ਤੁਸੀਂ ਜ਼ਰਾ ਅਗਲਵਾਂਢੀ ਚਲ ਕੇ ਕੁਤਬ ਸਾਹਿਬ ਨੂੰ ਖ਼ਬਰਦਾਰ ਕਰ ਦਿਉ ਕਿ ਸਿੰਘ ਆ ਰਹੇ ਹਨ, ਆਪਣੀਆਂ ਸਾਰੀਆਂ ਸ਼ਕਤੀਆਂ ਇਕੱਠੀਆਂ ਕਰਕੇ ਜਿਵੇਂ ਵੀ ਬਣਦਾ, ਚਾਰਾ ਲਾ ਲਵੇ। ਬਸ ਫਿਰ ਦੇਰ ਕ੍ਰੀ ਸੀ, ਸਿੰਘ ਉਥੇ ਪਲ ਵਿਚ ਪਹੁੰਚ ਗਏ। ਸਿੰਘਾਂ ਨੇ ਹਿੰਦੂਆਂ ਮੁਸਲਮਾਨਾਂ ਦੋਹਾਂ ਤੋਂ ਮਕਬਰਾ ਸੁੱਕੇ ਬਾਲਣ ਨਾਲ ਭਰਵਾ ਕੇ ਲਾਂਬੂ ਲਾ ਦਿਤਾ। ਸ਼ਕਤੀਮਾਨ ਕੁਤਬ ਦੇ ਮਕਬਰੇ ਨੂੰ ਸੜਨ ਲਗਿਆਂ ਪਲ ਵੀ ਨਾ ਲੱਗਾ। ਮੁਸਲਮਾਨਾਂ ਦੇ ਮਨਾਂ ਚੋਂ ਕਰਾਮਾਤ ਦਾ ਵਹਿਮ ਨਿਕਲ ਗਿਆ ਤੇ ਹਿੰਦੂਆਂ ਦੇ ਦਿਲਾਂ ਚੋਂ ਡਰ ਜਾਂਦਾ ਰਿਹਾ।

ਮੈਂ ੨੯ ਦਸੰਬਰ ੧੯੮੩ ਨੂੰ, ਜਦ ਕਿ ਬੰਦਾ ਸਿੰਘ ਬਹਾਦਰ ਦੇ ਜੀਵਨ ਬ੍ਰਿਤਾਂਤ ਦੇ ਪ੍ਰੋਜੈਕਟ ਤੇ ਕੰਮ ਕਰ ਰਿਹਾ ਸਾਂ ਤੇ ਇਨ੍ਹਾਂ ਸਾਰੇ ਸੰਬੰਧਤ ਅਸਥਾਨਾਂ ਨੂੰ ਫਿਰ ਫਿਰ ਕੇ ਵੇਖ ਰਿਹਾ ਸਾਂ, ਇਹ ਸੜਿਆ ਮਕਬਰਾ ਵੇਖਿਆ ਸੀ। ਇਸ ਦੀ ਛੱਤ ਅੱਜ ਵੀ ਉਸੇ ਤਰ੍ਹਾਂ ਸੜੀ ਹੋਈ ਤੇ ਧੁਆਖੀ ਪਈ ਹੈ।

ਕਪੂਰੀ ਦਾ ਨਵਾਬ ਕੁਦਮ ਖ਼ਾਨ ਵੀ ਬੜਾ ਬਦ ਤੇ ਵਿਭਚਾਰੀ ਸੀ। ਉਹਦੇ ਬਾਪ ਸੱਯਦ ਅਮਾਨੁੱਲਾ ਨੇ, ਜਦ ਉਹ ਗੁਜਰਾਤ ਦਾ ਗਵਰਨਰ ਸੀ, ਬੜਾ ਧਨ ਦੌਲਤ ਇਕੱਠਾ ਕਰਕੇ ਇਥੇ ਪਹੁੰਚਾ ਦਿਤਾ ਸੀ। ਫਿਰ ਉਥੋਂ ਆ ਕੇ ਇਕ ਬੜਾ ਆਲੀਸ਼ਾਨ ਮਹੱਲ ਬਣਵਾਇਆ ਤੇ ਉਸ ਨੂੰ 'ਬਹਿਸ਼ਤ ਮਹਲ' ਦਾ ਨਾਮ ਦਿਤਾ ਹੋਇਆ ਸੀ। ਇਸ ਨਵਾਬ ਨੇ ਵੀ ਬੜੇ ਜ਼ੁਲਮ ਕੀਤੇ ਸਨ, ਪਰ ਇਸ ਦੇ ਪੁੱਤ ਨੇ ਤਾਂ ਅਸਲੋਂ ਅੱਤ ਚੁੱਕੀ ਹੋਈ ਸੀ। ਦੁਖੀ ਲੋਕਾਂ ਨੇ ਬਾਬਾ ਬੰਦਾ ਸਿੰਘ ਪਾਸ ਸਢੌਰੇ ਜਾ ਫ਼ਰਿਆਦ ਕੀਤੀ ਕਿ ਉਸ ਦੁਸ਼ਟ ਤੋਂ ਲੁਕਾਈ ਨੂੰ ਬਚਾਇਆ ਜਾਵੇ। ਬੰਦਾ ਸਿੰਘ ਨੇ ਤਖ਼ਤ ਸਿੰਘ ਦੁਲੱਟ ਨੂੰ ਸਿੰਘਾਂ ਦਾ ਇਕ ਦਸਤਾ ਦੇ ਕੇ ਭੇਜਿਆ। ਇਨ੍ਹਾਂ ਸੁਤੇ ਪਏ ਨੂੰ ਹੀ ਜਾ ਨਪਿਆ। ਸਾਰੀ ਦੌਲਤ ਜ਼ੇਵਰ ਤੇ ਹੋਰ ਮਾਲ ਅਸਬਾਬ ਇਕੱਠਾ ਕਰ ਲਿਆ। ਕੁਦਮ ਖਾਨ ਸੋਧਿਆ ਗਿਆ। ਜ਼ਬਰਦਸਤੀ ਫੜੀਆਂ ਹੋਈਆਂ ਅਬਲਾਵਾਂ ਆਜ਼ਾਦ ਕਰ ਕੇ ਘਰੋ ਘਰੀ ਪਹੁੰਚਾਈਆਂ। ਬੰਦਾ ਸਿੰਘ ਨੇ ਕੁਦਮਖ਼ਾਨ ਦੇ ਬਹਿਸ਼ਤ ਮਹੱਲ ਚੋਂ ਫੜਿਆ ਧਨ ਪਦਾਰਥ ਲੋੜਵੰਦਾਂ ਵਿਚ ਵੰਡ ਦਿਤਾ।

ਕੁਦਮ ਖ਼ਾਨ ਦਾ ਇਹ ਮਹੱਲ ਹੁਣ ਜ਼ਮੀਨ ਨਾਲ ਮਿਲ ਚੁਕਿਆ ਹੈ। ਕਿਤੇ ਕਿਤੇ ਇਸ ਦੀਆਂ ਬੁਨਿਆਦਾਂ ਦੀਆਂ ਜ਼ਮੀਨ ਦੇ ਬਰਾਬਰ ਇੱਟਾਂ ਅਜੇ ਵੀ ਨਜ਼ਰ ਆਉਂਦੀਆਂ ਹਨ। ਇਸ ਮਿਟੀ ਨਾਲ ਮਿਲ ਚੁਕੇ ਮਹੱਲ ਦੇ ਨਿਸ਼ਾਨ ਮੈਂ ੨੭-੧੨-੮੩ ਨੂੰ ਵੇਖੇ ਸਨ। ਇਥੇ ਹੁਣ ਬਹੁਤ ਸਾਰੇ ਪਾਕਿਸਤਾਨੋਂ ਆਏ ਸਿਖ ਘਰਾਣੇ ਬੈਠੇ ਹੋਏ ਹਨ।

੫. ਯਾਰ ਮੁਹੰਮਦ-ਦਸਤੂਰੁਲ-ਇਨਸ਼ਾ ਦਾ ਹਵਾਲਾ-ਸ: ਕਰਮ ਸਿੰਘ ਜੀ ਹਿਸਟੋਰੀਅਨ-ਬੰਦਾ ਸਿੰਘ ਬਹਾਦਰ, ਸਫ਼ਾ ੪੮ ਡਾ: ਹਰੀ ਰਾਮ ਗੁਪਤਾ-ਹਿਸਟਰੀ ਆਫ਼ ਦੀ ਸਿਖਜ਼, ਭਾਗ II, ਸਫ਼ਾ ੧੫

੬. ਡਾ: ਹਰੀ ਰਾਮ ਗੁਪਤਾ-ਹਿਸਟਰੀ ਆਫ਼ ਦੀ ਸਿਖਜ਼, ਭਾਗ II, ਸਫ਼ਾ ੧੫
ਸਯੱਦ ਮਹੰਮਦ ਲਤੀਫ਼-''ਪੰਜਾਬ'', ਸਫ਼ਾ ੨੭੫-[illegible]

www.AKJ.Org

# ਸ੍ਰੀ ਹਰਿਮੰਦਰ ਯਾਤ੍ਰਾ

[ਪ੍ਰੋਫੈਸਰ ਪੂਰਨ ਸਿੰਘ ਜੀ]

ਕਿੰਨੇ ਦਿਨ ਹੋ ਗਏ, ਮੈਂ ਹਰਿਮੰਦਰ ਦੀ ਯਾਤ੍ਰਾ ਨਹੀਂ ਗਿਆ, ਬਾਬੇ ਦੇ ਦਰਸ਼ਨ ਨਹੀਂ ਕੀਤੇ, ਲੋਕਾਂ ਦੇ ਭਾਣੇ ਮੈਂ ਕਾਫ਼ਰ ਹੋਇਆ, ਪਰ ਮੇਰੇ ਭਾਗ ਨਹੀਂ ਜਾਗੇ। ਮੈਂ ਕੀ ਕਰਾਂ, ਮੇਰੇ ਬਖਤ ਕਦੀ ਜਾਗਦੇ ਤੇ ਕਦੀ ਸੌਂਦੇ ਹਨ, ਮੇਰੇ ਭਾਗ ਦਾ ਤਾਰਾ ਨਹੀਂ ਚੜ੍ਹਿਆ, ਮੇਰੀ ਨੀਂਦ ਨਾ ਆਈ, ਮੇਰੀ ਰਾਤ ਨਾ ਖਿੜੀ।

ਅੱਜ ਮੱਲੋ ਮੱਲੀ ਮੈਂ ਹਰਿਮੰਦਰ ਦੀ ਯਾਤ੍ਰਾ ਨੂੰ ਚਲਿਆ, ਪੈਰ ਜ਼ਮੀਨ ਤੇ ਨਹੀਂ ਟਿਕਦੇ ਸਨ, ਦਿਲ ਛਾਤੀ ਵਿਚ ਨਹੀਂ ਸੀ ਟਿਕਦਾ। ਮੈਂ ਘੰਟੇ ਘਰ ਥੀਂ ਹੇਠ ਉਤਰ ਕੇ ਸੀਸ ਸੰਗਮਰਮਰ ਤੇ ਰਖ ਦਿੱਤਾ। ਕਿਸੀ ਦੇ ਚਰਨਾਂ ਪਰ ਪਿਆ ਹੋਸੀ, ਕਿਸੀ ਨਾਲ ਛੁਹਿਆ ਹੋਸੀ, ਸਿਰ ਰਖਦਿਆਂ ਹੀ ਦਿਲ ਉਛਲਿਆ, ਇਹੋ ਚਿਤ ਕਰੇ ਵਹਿਲਾ ਵਹਿਲਾ ਜਾਵਾਂ, ਕੋਈ ਜਿਵੇਂ ਕੰਨ ਵਿਚ ਆਖਦਾ ਹੁੰਦਾ ਹੈ: ਛੇਤੀ ਜਾਹ, ਬਾਬਾ ਜੀ ਉਡੀਕ ਰਹੇ ਹਨ। ਕਲਗੀਆਂ ਵਾਲੇ ਚਾਹਨਾ ਕਰ ਰਹੇ ਹਨ। ਕਿਸੀ ਅਦ੍ਰਿਸ਼ਟ ਡੋਰ ਵਿਚ ਬੱਧੇ ਲਾਟੂ ਵਾਂਗ ਪ੍ਰਕਰਮਾ ਦੀ ਭਵਾਟਣੀ ਖਾਂਦਾ, ਦਰਸ਼ਨੀ ਦਰਵਾਜ਼ੇ ਉਪਰ ਆਣ ਢਠਾ, ਦੇੜਿਆ ਹੀ ਗਿਆ। ਲਾਡ ਵਿਚ ਮਾਫ਼ੀ ਹੈ। ਬਾਬੇ ਅੱਗੇ ਜਾ ਕੇ ਕਲਗੀਆਂ ਵਾਲੇ ਦੇ ਬੰਦੇ ਦਾ ਸੀਸ ਭੇਟ ਕੀਤਾ, ਫੁੱਲ ਮਿਲੇ, ਇਕ ਹਾਰ ਨਹੀਂ, ਅੱਠ ਹਾਰ ਪਏ, ਮੁੜ ਚਾਰ ਹੋਰ ਪਏ, ਕਲਗੀਆਂ ਵਾਲੇ ਨੇ ਪਾਏ, ਸਜ ਗਿਆ, ਹੁਣ ਚਾਉ ਮਾਣਿਆ ਨਾ ਜਾਏ। ਮੈਂ ਨੱਚਣ ਲਗ ਗਿਆ, ਮਨ ਨੇ ਘੁੰਗਰੂ ਪਾ ਲਏ, ਸਤਿਗੁਰੂ ਜਗ-ਪਾਲਕ ਬਾਪ ਰੂਪ ਹੋ ਮਿਲਿਆ, ਹਜ਼ੂਰ ਥੀਂ ਚਲੀਆਂ ਕਿਰਨਾਂ ਆਈਆਂ, ਮਾਂ ਜੀ ਮਿਲੇ। ਅੱਜ ਮੈਨੂੰ ਸੋਝੀ ਆਈ, ਅੱਜ ਪਤਾ ਲਗਾ, ਮੈਂ ਸਹੁੰ ਖਾ ਕੇ ਯਥਾਰਥ ਕਹਿੰਦਾ ਹਾਂ ਕਿ ਹਰਿਮੰਦਰ ਮੇਰਾ ਹੈ, ਇਹ ਮੇਰੀ ਜ਼ਾਤੀ ਆਪਣੀ ਵਿਰਾਸਤ ਹੈ। ਇਹ ਸਚਖੰਡ ਦਾ ਟੁਕੜਾ ਕਲਗੀਆਂ ਵਾਲੇ ਨੇ ਆਪਣੇ ਜਾਗਦੇ ਬੱਚਿਆਂ ਲਈ ਘੱਲਿਆ ਹੈ।

ਦਿੱਸੇ ਭਾਵੇਂ ਨਾ ਦਿੱਸੇ, ਇਹ ਇਸ ਮੰਡਲ ਵਿਚ ਬਾਬੇ ਜੀ ਦਾ ਸਚਖੰਡ ਹੈ, ਕਲਗੀਆਂ ਵਾਲੇ ਦਾ ਵਤਨ ਹੈ, ਅਸਾਂ ਇਸ ਚੋਲੇ ਨੂੰ ਛੱਡ ਕੇ ਇਥੇ ਹੀ ਜਾਣਾ ਹੈ। ਅਰਸ਼ਾਂ ਦੇ ਦੇਵਤੇ ਇਥੇ ਦਿਨ ਰਾਤ ਗਾਉਂਦੇ ਹਨ, ਝੂਲਦੇ ਹਨ, ਅਸ਼ਰੀਰੀ ਦੇਵਤੇ ਹੀ ਨਹੀਂ, ਸ਼ਰੀਰ ਧਾਰ ਕੇ ਹੀ ਦੇਵਤੇ ਮਨੁੱਖ ਰੂਪ ਵਿਚ ਇਸ ਮੰਦਰ ਵਿਚ ਰਹਿੰਦੇ ਹਨ, ਜਾਗਦਿਆਂ ਬੰਦਿਆਂ ਦੇ ਅਰਦਾਸੇ ਦਾ ਉੱਤਰ ਓਹ ਦੇਂਦੇ ਹਨ, ਓਹ ਕਲਗੀਆਂ ਵਾਲੇ ਦੇ ਆਸ਼ਕ ਹਨ। ਇਥੇ ਬਿਰਹੀਆਂ ਨੂੰ ਦਿਦਾਰ ਹੁੰਦੇ ਹਨ, ਭਗਤਾਂ ਦੇ ਚਿਤ ਨੂੰ ਸਹੰਸਰ ਚਰਨਾਂ ਵਾਲੇ ਤੇ ਕਮਲ ਚਰਨਾਂ ਦੀ ਛੁਹ ਪ੍ਰਾਪਤ ਹੁੰਦੀ ਹੈ। ਤੂੰ ਮੰਨਦਾ ਨਹੀਂ, ਪਰ ਮੈਂ ਕਹਿਣ ਥੀਂ ਕਿਉਂ ਟਲਾਂ, ਬਾਬਾ ਨਾਨਕ ਕਦੀ ਕਿਸੀ 'ਨਾਮੀ ਫ਼ਕੀਰ' ਦੀ ਬੁੱਕਲ ਵਿਚ, ਕਦੀ 'ਰਸਿਕ ਬੈਰਾਗੀ' ਦੀ ਬੁੱਕਲ ਵਿਚ 'ਵਾਹਿਗੁਰੂ ਵਾਹਿਗੁਰੂ' ਕਰਦਾ ਹੈ। ਓਹੋ ! ਕੀ ਬਾਬਾ ਤੈਨੂੰ ਨਹੀਂ ਦਿੱਸਦਾ ? ਕੀ ਕਲਗੀਆਂ ਵਾਲੇ ਦਾ ਪਤਾ ਨਹੀਂ ਲਗਦਾ ? ਔਹ ਸਾਹਮਣੇ ਦੇਖ, ਔਹ ਸੁੱਤਾ ਪਿਆ ਹੀ ਨਾ; ਦੌੜ, ਮਰ ਜਾਣਿਆ ! ਦੌੜ। ਇਹ ਸਾਡਾ ਅਟੱਲ, ਅਮਰ, ਸੱਚ ਘਰ ਹੈ, ਸੱਚ ਵਤਨ ਹੈ। ਦੇਖੋ ਭਾਈ, ਸਾਡੇ ਦੀਨ ਦੁਨੀ ਦੇ ਵਾਲੀ ਇਥੇ ਰਹਿੰਦੇ ਹਨ।

ਇਹ ਗੁਰੂ ਰਾਮਦਾਸ ਜੀ ਦੀ ਦੇਹ ਹੈ। ਇਹ ਹਰਿਮੰਦਰ ਸਾਡਾ ਜੀਵਨ, ਪ੍ਰਾਣ, ਧਰਤ, ਅਕਾਸ਼, ਹੱਡੀ, ਮਾਸ, ਰੁਧਰ ਹੈ; ਇਹ ਸਾਡਾ ਦਿਲ ਹੈ। ਇਹ ਸਾਡੇ ਲੋਕ ਪ੍ਰਲੋਕ ਦੀ ਫਤਹ ਹੈ, ਇਹ ਸਾਡਾ ਮਹਾਨ-ਕੇਂਦਰ ਹੈ, ਇਹ ਸਾਡੇ ਰੱਬ ਦਾ ਘਰ ਹੈ। ਦਰਬਾਰ ਸਾਹਿਬ ਰੂਹ ਦਾ ਸੁਪਨ, ਸੱਚ ਤੇ ਸੱਚ-ਸੁਪਨ ਹੈ, ਦਰਬਾਰ ਸਾਹਿਬ ਠੀਕ ਸਚਖੰਡ ਦਾ ਟੁਕੜਾ ਹੈ, ਜਿਹੜਾ ਅਨੰਤ ਤੀਰੀ ਰਸ਼ਮੀਆਂ ਨਾਲ ਧੁਰ ਅਰਸ਼ਾਂ ਥੀਂ ਪੰਘੂੜੇ ਵਾਂਗ ਨਿਰੋਲ ਅਕਾਸ਼ ਵਿਚ ਝੂਲ ਰਿਹਾ ਹੈ। ਜੋ ਮੰਨ ਕੇ ਇਥੇ ਆਇਆ ਉਹ ਜੀਵਨ-ਮੁਕਤ ਹੈ। ਜੀਵਨ-ਮੁਕਤੀ ਇਸ ਵਿਸ਼ਵਾਸ ਦਾ ਆਣਾ ਹੈ।

ਇਹ ਸਥਾਨ ਕਲਗੀਆਂ ਵਾਲੇ ਦੀ ਸੁਰਤ ਵਿਚ ਚਮਕ ਰਿਹਾ ਹੈ। ਸਾਰੀ ਕੁਦਰਤ ਦੇ ਮੁੱਲ ਵਿਚ ਅਸੀਂ ਇਸ ਦੀ ਇਕ ਸ਼ਿਲਾ ਨਹੀਂ ਦੇ ਸਕਦੇ। ਕਿੰਝ ਕੰਵਲ ਵਤ ਇਹ ਅਸਗਾਹ ਜਲ ਵਿਚ ਖੜਾ ਹੈ। ਇਹ ਸਾਡਾ ਨਾਮ ਮੰਤ੍ਰ ਹੈ, ਇਹ ਸਾਡਾ ਧਿਆਨ ਹੈ। ਇਕ ਇਕ ਸ਼ਿਲਾ ਵਿਚ ਇਲਾਹੀ ਜਿੰਦ ਧੜਕ ਰਹੀ ਹੈ। ਇਹ ਸ਼ਿਲਾ ਨਹੀਂ, ਸੰਗਮਰਮਰ



www.AKJ.Org

ਨਹੀਂ, ਇਹ ਈਸ਼੍ਵਰੀ ਦਰਬਾਰ ਦੇ ਅੱਡ ਅੱਡ ਸਿੰਘਾਸਨ ਹਨ। ਜਿੱਥੇ ਰਸੀਏ, ਪਹੁੰਚੇ ਹੋਏ ਫ਼ਕੀਰ, ਪੀਰ ਮੀਰ, ਸਰੀਰਾਂ ਨੂੰ ਧਿਆਨ ਲੀਨ ਕਰ ਬੈਠੇ ਹਨ। ਹੇ ਜਾਣ ਵਾਲੇ ਅਣਜਾਣ! ਹੇ ਵਹਿਸ਼ੀ! ਹੇ ਨੈਣ ਜੋਤ ਥੀਂ ਹੀਨ ਮਨੁੱਖ! ਭਾਵੇਂ ਤੂੰ ਕੋਈ ਹੋਵੇਂ, ਇਥੇ ਸਿਰ ਦੇ ਬਲ ਚੱਲ, ਇਹ ਪੀਰਾਂ ਪੈਗੰਬਰਾਂ ਦੇ ਅਦਬ ਦਾ ਸਥਾਨ ਹੈ, ਕੁੱਲ ਦੁਨੀਆ ਵਿਚ ਬੱਸ ਇਕ ਹੈ। ਬਾਲਕ ਰੂਪ ਹੋ ਨੱਸ, ਗੋਦ ਵਿਚ ਬੈਠ, ਇਥੇ ਜਾਗਦਾ ਬੰਦਾ ਬਣ ਕੇ ਆ, ਇਥੇ ਅਨੰਤ ਅਦਬ ਨਾਲ ਸਿਰ ਝੁਕਾ, ਮੱਥਾ ਟੇਕ, ਨਹੀਂ ਤਾਂ ਜਾਹ ਮਰ ਜਾਏਂਗਾ। ਓ ਪੁਜਾਰੀ! ਦੇਖ, ਪੂਜਾ ਦੀ ਘੜੀ ਹੈ, ਦਿਲ ਵਿਚ ਅੰਦਰ ਦਾ ਪਹੁ-ਫੁਟਾਲਾ ਲੈ ਕੇ ਆ; ਰਾਤ ਕਿਉਂ ਲਈ ਆਉਂਦਾ ਹੈਂ? ਦਿਲ ਦੀ ਮਸਾਲ ਜਗਾ!

## ਸਿਖ ਵੀਰ ਭੈਣਾਂ ਦੇ ਨਾਮ ਸੁਨੇਹਾ—

ਓ ਸਿੱਖ ਰੂਪ ਵਾਲੇ ਵੀਰਾ! ਓ ਸਿਖ ਅਖਵਾਣ ਵਾਲੇ ਵੀਰਾ! ਦਰਬਾਰ ਸਾਹਿਬ ਦੀ ਪੂਜਾ ਛੱਡ ਕੇ ਦੇਖ ਤੇਰਾ ਆਤਮ-ਰਸ ਦਾ ਸਿਰ ਜੁਦਾ ਹੋ ਜਾਸੀ। ਸਮੇਂ ਦਾ ਪ੍ਰੀਵਰਤਨ, ਤੇਰੀਆਂ ਦਲੀਲਾਂ, ਅਪੀਲਾਂ, ਤਜਵੀਜ਼ਾਂ, ਬਨਾਵਟਾਂ, ਸਲਾਹਾਂ, ਮਸ਼ਵਰਿਆਂ, ਤਰਕੀਬਾਂ, ਅਕਲਾਂ, ਅਸੂਲਾਂ ਨੂੰ ਖਾ ਜਾਸੀ। ਤੇਰੀਆਂ ਬਣਾਈਆਂ ਸੁਸਾਇਟੀਆਂ ਸਭਾਵਾਂ ਵਿਚ ਕੀ ਰਖਿਆ ਹੈ? ਕਾਲ ਦੇ ਚੱਕਰਾਂ ਨੇ ਬੁਧ ਜਿਹਿਆਂ ਦੀਆਂ ਜਥੇਬੰਦੀਆਂ, ਈਸਾ ਜਿਹਿਆਂ ਦੀਆਂ ਉਪਦੇਸ਼ਕ ਟੋਲੀਆਂ ਦਾ ਅੰਗ ਅੰਗ ਕਰ ਸੁਟਿਆ। ਆ, ਸਮਝ ਜਾ, ਕੌਮਾਂ ਕੀ ਤੇ ਆਦਮੀ ਕੀ, ਟੱਬਰ ਕੀ ਤੇ ਮੁਲਕ ਕੀ, ਆਤਮਾ ਦਾ ਬਚਾਉ ਤਾਂ ਕੇਵਲ ਧਿਆਨ ਵਿਚ ਹੈ, ਮੰਨਣ ਵਿਚ ਹੈ, ਵਿਸ਼ਵਾਸ ਵਿਚ ਹੈ, ਇਕਾਗ੍ਰਤਾ ਵਿਚ ਹੈ, ਪਿਆਰ ਵਿਚ ਹੈ, ਦਰਸ਼ਨ ਵਿਚ ਹੈ। ਜੀਵਨ ਖੁਲ੍ਹਦਾ ਮਰਕਜ਼ ਵਲ ਨਿਗਾਹ ਕਰਨ ਨਾਲ ਹੈ। ਜੀਵਨ ਦੇ ਆਦਰਸ਼ਾਂ, ਭੇਤਾਂ ਦਾ ਪਤਾ ਤੇ ਜੀਵਨ ਦਾ ਅਨੰਤ ਵਿਸਤਾਰ ਮਰਕਜ਼ ਦੇ ਪ੍ਰਕਾਸ਼ ਨਾਲ ਹੁੰਦਾ ਹੈ। ਸਾਡੀਆਂ ਚਲਾਕੀਆਂ ਮੌਤ ਹਨ, ਸਾਡੀ ਅਕਲ ਕੰਧ ਥੀਂ ਬਾਹਰ ਨਹੀਂ ਦੇਖ ਸਕਦੀ, ਅਸੀਂ ਬਿਨਾਂ ਕਲਗੀਆਂ ਵਾਲੇ ਦੇ ਧਿਆਨ ਦੇ ਕੀ ਕਰ ਲੈਣਾ ਹੈ। ਤੂੰ, ਤੂੰ, ਤੂੰ, ਤੂੰ, ! ਦਰਬਾਰ ਸਾਹਿਬ ਥੀਂ ਵਿਛੁੜ ਤੇ ਦੇਖ; ਔਹ ਤੂੰ ਸਤਿਗੁਰਾਂ ਦੀ ਝੋਲ ਵਿਚੋਂ ਟੁੱਟਾ, ਢੱਠਾ ਤੇ ਔਹ ਹੇਠ ਰਸਾਤਲ। ਕੌਮ! ਕੌਮ! ਇਹ ਕਿਹੀ ਬੇਮਾਅਨੇ ਕੂਕ ਹੈ? ਸਤਿਗੁਰਾਂ ਦਾ ਧਯਾਨ ਦਿਲ ਥੀਂ ਬਾਹਰ ਤੇ ਕੌਮ ਦਾ ਖ਼ਿਆਲ? ਹਾਂ ਜੀ, ਖ਼ਿਆਲ ਮਾਤ੍ਰ ਦਾ ਸੁਨਜ ਧਿਆਨ ਹਰ ਇਕ ਦੇ ਦਿਲ ਵਿਚ? ਯਾਦ ਰਖ! ਸਿੱਖੀ ਤੇਰੇ ਦਿਲ ਵਿਚੋਂ ਉਠੀ ਜਾਣ। ਜਦ 'ਕੌਮ' ਤਰਫ਼ ਵਤਿਆ, 'ਵਾਹਿਗੁਰੂ' ਦੇ ਸਿੰਘਾਸਣ ਨੂੰ ਚੁੱਕਿਆ ਜਾਣ! ਹਰਿਮੰਦਰ ਦਾ ਪਿਆਰ ਉੱਠਣ ਦੀ ਦੇਰ ਹੈ ਤੇ ਬੱਸ ਜਾਹ, ਗੱਠੇ ਬੰਨ੍ਹ ਕੌਮਾਂ ਦੇ, ਪਰ ਅੱਖ ਖੁੱਲ੍ਹਸੇਂ ਤਾਂ ਦੇਖਸੇਂ ਕਿ ਪੱਥਰਾਂ ਦੀ ਮੁੱਠ ਨੂੰ ਰੇਤ ਦੀ ਰੱਸੀ ਨਾਲ ਤੂੰ ਬੰਨ੍ਹ ਰਿਹਾ ਹੈਂ, ਹੋਰ ਕੁਛ ਨਹੀਂ।

ਧਿਆਨ ਬਿਨਾਂ ਮਨੁੱਖ ਬਾਵਲਾ ਹੈ, ਇਹ ਬਾਵਲਾ ਕਦੀ ਕੁੱਤਿਆਂ ਨਾਲ, ਕਦੀ ਕੰਡਿਆਂ ਨਾਲ ਆਪਣੇ ਆਪ ਨੂੰ ਲੜਾ ਲੜਾ ਆਪਣੇ ਰੂਹ ਨੂੰ ਫਾੜਦਾ ਹੈ, ਕਲਗੀਆਂ ਵਾਲੇ ਨੇ ਸਿੱਖਾਂ ਨੂੰ ਹਰਿਮੰਦਰ ਦੇ ਧਿਆਨ ਅਰ ਪਿਆਰ ਵਿਚ ਬੱਧਾ ਹੈ। ਛੋਛੀ ਦਲੀਲਬਾਜ਼ੀ ਆਈ ਤੇ ਹਰਿਮੰਦਰ ਇਕ ਸੰਗਮਰਮਰ ਦੀ ਇਮਾਰਤ ਰੂਪ ਦਿੱਸੀ। ਪੁਰਾਤਨ ਇਤਿਹਾਸ ਵਿਚ ਸਾਡੇ ਵਡਿਆਂ ਨੇ ਇਸ ਦੇ ਪਿਆਰ ਵਿਚ ਕੀ ਕੀ ਨਹੀਂ ਵਾਰਿਆ?

ਉਹ ਵਾਰਤਾ ਚੇਤੇ ਕਰ, ਇਕ ਸਿੰਘਣੀ ਭੁਜੰਗੀ ਨੂੰ ਨਾਲ ਲਿਆ ਰਹੀ ਹੈ, ਦੀਵਾਨ ਕੌੜਾ ਮੱਲ ਜੀ ਵਰਜਦੇ ਹਨ:— "ਮਾਈ! ਨਾ ਜਾ, ਮਾਰੀ ਜਾਸੇਂ, ਤੁਰਕਾਂ ਨੇ ਅੱਜ ਸਭ ਸਿੰਘ, ਜੋ ਇਥੇ ਇਕੱਠੇ ਹੋਣਗੇ, ਮਾਰ ਦੇਣੇ ਹਨ।"

"ਵੀਰਾ! ਵਰਜ ਨਾ, ਰਸਤਾ ਛੱਡ, ਮਰ ਜਾਸਾਂ ਤਾਂ ਭਲਾ ਹੋਸੀ, ਜਿੰਦ ਸਤਿਗੁਰਾਂ ਦੀ ਹਜ਼ੂਰੀ ਵਿਚ ਭੇਟ ਹੋ ਜਾਸੀ, ਇਸ ਨਕਾਰੇ ਸਰੀਰ ਦੀ ਖ਼ਾਤਰ ਬੇਮੁਖ ਹੋਵਾਂ?"

"ਮਾਈ! ਤੈਨੂੰ ਆਪਣੇ ਨਾਲ ਤਾਂ ਪਿਆਰ ਨਹੀਂ, ਪਰ ਇਸ ਬੱਚੇ ਪਰ ਤਾਂ ਤਰਸ ਕਰ, ਇਹ ਤਾਂ ਮਸੂਮ ਬਾਲਕ ਹੈ।"

"ਵੀਰਾ! ਤਰਸ ਕੀਤਾ ਹੈ ਤਾਂ ਹੀ ਨਾਲ ਲੈ ਕੇ ਆਈ ਹਾਂ। ਇਹ ਮੇਰੇ ਨਾਲੋਂ ਵਿਛੜ ਕੇ ਬੇਮੁਖ ਹੋ ਜਾਵੇ, ਸਚਖੰਡ ਵਿਚ ਨਾ ਜਾ ਸਕੇ?"

ਇਹ ਮਾਈ ਦਰਬਾਰ ਸਾਹਿਬ ਨੂੰ ਮੰਦਰ ਜਾਣ ਕੇ ਨਹੀਂ ਜਾ ਰਹੀ ਸੀ; ਪਰ ਉਥੇ ਭਰੇ ਆਤਮ-ਰਸ ਦੀ ਭੰਵਰ



www.AKJ.Org

ਹੋ ਕੇ ਲਿਵਲੀਨ ਹੋਣ ਜਾ ਰਹੀ ਸੀ। ਪਿਆਰ ਨਾਲ ਮੁਕਾਬਲਾ ਕਰੋ ਤਾਂ ਅੰਮ੍ਰਿਤਸਰ ਨੂੰ ਛੱਡ ਕੇ ਬਿਨਾਂ ਕਿਸੀ ਖੋਹ ਦੇ, ਬਿਨਾਂ ਕਿਸੀ ਡੋਬ ਦੇ, ਗੋਤੇ ਦੇ, ਅੱਗੇ ਪਿਛੇ ਗੱਡੀ ਗੱਡੇ ਵਿਚ ਬੈਠੇ ਅਸੀਂ ਚਲੇ ਜਾਂਦੇ ਹਾਂ। ਗੁਰੂ ਦਾ ਪਿਆਰ, ਦਰਬਾਰ ਸਾਹਿਬ ਦੀ ਭਗਤੀ ਸਾਡੇ ਸ਼ਬਦਾਂ ਦੇ ਖ਼ਾਲੀ ਜੈਕਾਰਿਆਂ ਤੇ ਘੁਣ ਖਾਧੀਆਂ ਅਰਦਾਸਾਂ ਤਕ ਹੈ। ਸਾਡਾ ਅਸਲੀ ਪਿਆਰ ਸੁੱਕੀਆਂ ਇੱਟਾਂ ਨੂੰ ਸਿੱਖ ਭਰਾ ਆਖ ਆਖ ਕੇ ਗਲੇ ਲਾਉਣ ਦਾ ਪਿਆਰ ਹੈ। ਆਪਣੀ ਅਕਲ ਦੀ ਨੀਂਹ ਤੇ ਨਵੀਂ ਇਕ ਕੌਮ ਸੁਰਜੀਤ ਕਰਨ ਦਾ ਇਕ ਭੂਤ ਸਿਰ ਤੇ ਚੜ੍ਹ ਰਿਹਾ ਹੈ। ਅਕਲ ਪ੍ਰਧਾਨ ਹੈ। ਮਨਮੁਖਤਾ ਪੀਰ ਹੈ ਤੇ ਸਭ ਥੀਂ ਵੱਧ ਹਾਸੇ ਦੀ ਗੱਲ ਇਹ ਹੈ ਕਿ ਅਸਾਂ ਸਾਰਿਆਂ ਨੂੰ ਆਪਣੀ ਅਕਲ ਦੇ ਬਣਾਏ ਬੁੱਤਾਂ ਦੇ ਪਿਆਰ ਭਗਤੀ ਤੇ ਧਿਆਨ ਦੇ ਨਾਨਾ ਰੰਗ ਸਿੱਖੀ ਦਿੱਸ ਰਹੀ ਹੈ। ਭਾਈ ਗੁਰਦਾਸ ਦੀ ਆਵਾਜ਼ ਦੀ ਥਾਵੇਂ ਅੱਜ ਅਣਜਾਣ ਮੁੰਡੇ ਪ੍ਰਧਾਨ ਹਨ। ਹਰ ਕੋਈ ਆਪਣੀ ਅਕਲ ਨੂੰ ਅਮਲੀ ਤਰ੍ਹਾਂ ਸਭ ਥੀਂ ਵੱਡਾ ਗਿਣ ਰਿਹਾ ਹੈ। ਧਰਮ ਪਰ ਅਸੀਂ ਖੜੇ ਹੋਣ ਦੀ ਥਾਂ, ਧਰਮ ਨੂੰ ਆਪਣੀ ਅਕਲ ਦੀ ਚੁੰਝ ਪਰ ਠਹਿਰਾਉਣ ਦੀ ਕਰ ਰਹੇ ਹਾਂ। ਮੈਂ ਇਸ ਗੱਲ ਦੇ ਕਹਿਣ ਵਿਚ ਬਿਲਕੁਲ ਮਾਫ਼ੀ ਨਹੀਂ ਮੰਗਦਾ ਕਿ 'ਸਿੰਘਾਂ' ਦੇ ਅੱਜ ਕਲ੍ਹ ਦੇ ਨਿੰਦਾ ਤੇ ਦਲੀਲਬਾਜ਼ੀ ਤੇ ਆਪਣੀ ਅਕਲ ਦੀ ਸਿੱਖੀ ਤੇ ਭਰੋਸੇ ਥੀਂ ਸਾਫ਼ ਲੱਭਦਾ ਹੈ ਕਿ ਅਸਾਂ ਉਪਰ ਅੱਜ ਕਲ੍ਹ ਓਸ ਨੀਚਤਾ ਦੀ ਜਿੱਤ ਹੋ ਚੁਕੀ ਜਾਪਦੀ ਹੈ, ਜਿਸ ਦਾ ਨਾਂ ਲੈਣ ਤੇ ਰੂਹ ਨਹੀਂ ਕਰਦਾ। ਜੇ ਇਹ ਹਾਲ ਰਿਹਾ ਤੇ ਅਸੀਂ ਨਾ ਸੰਭਲੇ, ਤਦ ਜਾਣੋ ਅਸੀਂ ਮੋਏ, ਬੇਹੋਸ਼ ਹੋਏ, ਅੱਜ ਭੀ ਨਹੀਂ ਤੇ ਕੱਲ੍ਹ ਭੀ ਨਹੀਂ।

ਸਿਖ ਦਾ ਦਿਲ ਤਾਂ ਆਤਮਕ ਸੁਹੱਪਣ ਦਾ ਭੁੱਖਾ ਹੈ ਤੇ ਓਸ ਦੀ ਭੁੱਖ ਅਨੰਤ ਹੈ। ਸਾਰੀ ਕੁਦਰਤ ਤੇ ਓਸ ਦੀਆਂ ਸਾਰੀਆਂ ਸੁਹਣੀਆਂ ਮੂਰਤਾਂ ਓਸ ਨੂੰ ਰਿਝਾ ਨਹੀਂ ਸਕਦੀਆਂ। ਹੇ ਵੀਰੋ! ਦਰਬਾਰ ਸਾਹਿਬ ਅਦਬ ਨਾਲ ਆਤਮ-ਰੰਗ ਮਾਣੋ। ਹੁਣ ਵਾਲੀ ਅਭਗਤ ਤੇ ਅਸ਼ਰਧਕ ਯਾਤ੍ਰਾ ਦਾ ਤਯਾਗ ਕਰੋ। ਬਾਜਾਂ ਵਾਲੇ ਮਾਲਕ ਦਾ ਇਹ ਮੰਦਰ ਹੈ। ਇਥੇ ਓਸ ਦੀ ਲੋ ਹੈ, ਇਹ ਤੁਸਾਡੀ ਤ੍ਵਾਰੀਖੀ ਅਮਰ ਦੁਨੀਆ ਹੈ। ਸਾਡੀ ਮਾਲੀ ਗ਼ਰੀਬੀ ਅਥਵਾ ਆਤਮਿਕ ਬੇਹੋਸ਼ੀ ਕਰਕੇ ਜੋ ਗੁਰਦੁਆਰਾ ਸਮਾਇਆ, ਓਹ ਹਰੀ ਮੰਦਰ ਆਇਆ। ਜਦ ਕਦੀ ਅਨੰਦਪੁਰ ਸਾਹਿਬ ਦੀ ਕੋਈ ਇੱਟ ਗਿਰੀ ਓਹ ਇਥੇ ਆਣ ਲੱਗੀ, ਜਦ ਕਦੀ ਸਤਿਗੁਰਾਂ ਦੇ ਚਰਨ-ਰਜ ਦੀ ਪਵਿਤਰ ਧਰਤੀ ਲੋਪ ਹੋਈ, ਓਹ ਇਸ ਹਰੀ ਮੰਦਰ ਵਿਚ ਆਣ ਪ੍ਰਗਟੀ। ਸਾਡਾ ਸਭ ਕੁਛ ਜੇ ਗੁੰਮ ਹੋ ਜਾਵੇ ਤਦ ਇਥੇ ਮਿਲ ਪਵੇਗਾ। ਹਾਂ ਜੀ, ਇਥੋਂ ਤਕ ਕਿ ਸਤਿਗੁਰਾਂ ਦੇ ਜਾਮੇ ਜਿਹੜੇ ਬਾਬਾ ਜੀ ਨੇ ਪਾਏ ਤੇ ਉਤਾਰੇ ਤੇ ਸਾਡੀ ਦ੍ਰਿਸ਼ਟੀ ਥੀਂ ਗ਼ਾਇਬ ਹੋਏ, ਓਹ ਇਥੇ ਮਿਲਦੇ ਹਨ। ਸਤਿਗੁਰਾਂ ਦੀ ਨਿਤਯ ਅਵਤਾਰੀ ਦੇਹ ਦੇ ਦੀਦਾਰ ਇਥੇ ਹੁੰਦੇ ਹਨ।

ਇਹ ਸਾਡਾ ਵਤਨ ਹੈ, ਹਰੀ ਮੰਦਰ ਸਾਡਾ ਸੱਚਾ ਦੇਸ਼ ਹੈ। ਸਾਡਾ ਘਰ ਹੈ। ਕਿਸੀ ਨੂੰ ਕੌਮ ਇਕੱਠ ਦੀ ਖ਼ੁਸ਼ੀ, ਕਿਸੀ ਨੂੰ ਮੁਲਕਗੀਰੀ ਦਾ ਕੰਮ, ਕਿਸੀ ਨੂੰ ਮੰਦਰ ਮਾੜੀਆਂ ਉਸਾਰਨ ਦੀ ਚਾਹ, ਧਨ ਦੇ ਅੰਬਾਰਾਂ ਦਾ ਲਾਲਚ, ਕਿਸੀ ਨੂੰ ਜ਼ਮੀਨਾਂ ਦਾ ਚਾ, ਖੇਤੀ ਦੀ ਮਲਕੀਅਤ ਦਾ ਭਰੋਸਾ, ਕਿਸੀ ਨੂੰ ਹੁਕਮ ਦਾ ਨਸ਼ਾ, ਪਰ ਸਾਡਾ ਸਭ ਕੁਛ ਇਹ ਹਰੀ ਮੰਦਰ, ਇਸ ਵਿਚ ਵਸਦੇ ਪ੍ਰਭਾਵ ਦੇ ਅਸੀਂ ਭੌਰੇ। ਬੱਸ ਇਹੋ ਸਾਡੀ ਆਤਮ ਜਾਇਦਾਦ, ਸਭ ਦੀ ਇਕੱਠੀ, ਸਾਂਝੀ ਤੇ ਮੁੜ ਮੁੜ ਆਪਣੀ; ਬੱਸ ਅਸੀਂ ਇਸ ਨਿੱਕੀ ਜਿੰਦ ਦੀ ਟੁਕੜੀ ਕਰਕੇ ਅਮੀਰ ਫਕੀਰ, ਸਾਡਾ ਲੋਕ ਪ੍ਰਲੋਕ ਏਹਾ, ਸਾਡੀ ਕੌਮ ਇਹ, ਸਾਡਾ ਦਿਲ ਇਹ। ਹਰਿਮੰਦਰ ਦਾ ਪਿਆਰ, ਹਰਿਮੰਦਰ ਦੇ ਆਤਮਕ ਝੰਡੇ ਦੀ ਮਾਨਸਕ ਤਾਬੇਦਾਰੀ, ਇਹ ਸਾਡਾ ਰਾਹ, ਜਪ, ਪਾਠ ਪੂਜਾ; ਤੇ 'ਵਾਹਿਗੁਰੂ' 'ਵਾਹਿਗੁਰੂ' ਕਰਨਾ, ਇਹ ਸਾਡਾ ਜੀਵਨ-ਮਨੋਰਥ। ਪੰਛੀ ਨਾ ਕਿਸੀ ਦੇ ਵੈਰੀ ਤੇ ਨਾ ਕਿਸੇ ਦੇ ਮਿਤਰ, ਕਣਕ ਦੇ ਦਾਣੇ ਸਾਡਾ ਖਾਣਾ ਹੈ ਤੇ ਹਰੀ ਕੀਰਤਨ, ਨੇਕ ਕਿਰਤ, ਸ਼ੁਕਰ, ਨਿਰਵੈਰ, ਨਿਰਮੋਹ, ਸਭ ਦੀ ਸੇਵਾ ਇਹ ਸਾਡੀ ਦਿਨ-ਚਰਿਯਾ। ਕਲਗੀਆਂ ਵਾਲੇ ਦੇ ਗਗਨ ਵਿਚ ਦਿਨ ਰਾਤ ਉਡਾਰੀ, ਇਹ ਸਾਡਾ ਚਾ, ਅਹੰਕਾਰ, ਕੌਮੀਅਤ। ਬਾਕੀ ਇਨ੍ਹਾਂ ਆਦਰਸ਼ਾਂ ਥੀਂ ਛੁੱਟ ਸਾਡੇ ਲਈ ਸਭ ਕੂੜ। ਇਹ ਅਵਸਤੂ ਸੱਚੀ ਤੇ ਮਾਯਾ ਆਛਾਦਿਤ ਮਨ ਦੀਆਂ ਮੰਨੀਆਂ ਠੋਸ ਵਸਤੂ ਸਭ ਕੂੜ, ਅਵਸਤੂ।



www.AKJ.Org

ਇਹ ਵਤਨ ਸਾਡਾ ਸੁਹੱਣਪ ਦੀ ਡਲੀ ਹੈ, ਇਹ ਸਾਡਾ ਜੀਵਨ-ਕਿਰਨਾਂ ਦਾ ਕੇਂਦਰ ਹੈ। ਇਥੋਂ ਸਾਨੂੰ ਰੌਸ਼ਨੀ ਤੇ ਜੀਵਨ ਆਉਂਦਾ ਹੈ, ਸਾਡਾ ਸੂਰਜ ਹੈ। ਇਥੇ ਸਦਾ ਬਸੰਤ ਹੈ, ਇਥੇ ਸਦਾ ਰਾਗ ਰੰਗ ਹੈ, ਲੀਲਾ ਖੁੱਲ੍ਹ। ਅਨੰਤ ਗਗਨ ਸਾਡੀ ਛੱਤ ਹੈ, ਦਿਨ ਨੂੰ ਸੂਰਜ ਦੀ ਜੋਤਿ ਜਗਦੀ ਹੈ, ਰਾਤ ਨੂੰ ਤਾਰਿਆਂ ਦੀ ਛਾਇਆ, ਹਰੀ-ਮੰਦਰ ਦਾ ਛਤਰ ਆਕਾਸ਼, ਸੁਰਤ ਦੇ ਪਾਰਖੀ ਇਥੇ ਜੀਵਨ-ਸੁਆਸ ਪ੍ਰਾਪਤ ਕਰਦੇ ਹਨ। ਦੁਨੀਆ ਦਾ ਕੋਈ ਅਸਥਾਨ ਐਸਾ ਨਹੀਂ ਜਿਥੇ ਆਤਮ-ਸੱਤਾ ਇਲਾਹੀ ਜ਼ਿੰਦਗੀ ਦੀ ਰੌ ਇਸ ਜ਼ੋਰ ਨਾਲ ਚਲਦੀ ਹੋਵੇ। ਟੁੱਟੀਆਂ ਸੁਰਤਾਂ ਇਥੇ ਆਉਂਦਿਆਂ ਸਾਰ ਗੰਢੀਆਂ ਜਾਂਦੀਆਂ ਹਨ। ਇਥੋਂ ਨਾਮ-ਰਸੀਏ ਜ਼ਿਕਰ (ਸਿਮਰਨ) ਵਾਲੇ ਫ਼ਕੀਰਾਂ ਨੂੰ ਓਹ ਮਦਦ ਮਿਲਦੀ ਹੈ ਜਿਹੜੀ ਸਾਡੀ ਸਮਝ ਥੀਂ ਉਪਰ ਦੇ ਰੰਗ ਹਨ। ਕ੍ਰਿਸ਼ਨ ਤੇ ਈਸਾ ਵਿਚ ਡੁੱਬੀਆਂ ਸੁਰਤਾਂ ਵਾਲੇ ਫ਼ਨਾਹ ਫ਼ਕੀਰ, ਕਲਗੀਆਂ ਵਾਲੇ ਦੇ ਰੂਪ ਨੂੰ ਦੇਖ ਕੇ ਇਥੇ ਇਕ ਨਵੀਂ ਜਾਨ ਨੂੰ ਪ੍ਰਾਪਤ ਕਰਦੇ ਹਨ। ਜ਼ਿੰਦਗੀ ਦਾ ਨਵਾਂ-ਪਨ ਨਿਖਰਦਾ ਹੈ। ਕਿਆ ਮੁਸਲਮਾਨ, ਕਿਆ ਸਿਖ, ਕਿਆ ਹਿੰਦੂ, ਸ਼ਰਤੀਆ ਫ਼ਕੀਰ ਹੋਵੇ ਸਹੀ, ਓਹ ਦਰਬਾਰ ਸਾਹਿਬ ਦੀ ਮਹਿਮਾ ਨੂੰ ਜ਼ਰੂਰ ਅਨੁਭਵ ਕਰਦਾ ਹੈ। ਕੋਈ ਰੱਬ ਦਾ ਪਿਆਰਾ ਭਾਵੇਂ ਕਿਸੇ ਮਤ ਦਾ ਹੋਵੇ, ਇਸ ਜੋਤਿ ਅਗੇ ਆਪਣਾ ਸੀਸ ਜ਼ਰੂਰ ਨਿਵਾਂਵਦਾ ਹੈ। ਜੇ ਕਦੀ ਕੋਈ ਪਾਰਖੀ ਝਾਕੀ ਪਾ ਲਵੇ ਤਦ ਇਸ ਸਚਖੰਡ ਦੇ ਟੁਕੜੇ ਵਿਚ ਦੁਨੀਆ ਦੇ ਦੁੱਖ ਭੁੱਲ ਜਾਂਦੇ ਹਨ ਤੇ ਅੰਨ੍ਹੇ ਮਨੁਖ ਸਤਿਗੁਰ ਦੀ ਮਿਹਰ ਨੂੰ ਆਪਣੇ ਸਥੂਲ ਹੱਥਾਂ ਅਰ ਸਰੀਰ ਕਰਕੇ ਅਨੁਭਵ ਕਰਦੇ ਹਨ।

ਸੁਰਤ ਦੇ ਉੱਚ-ਪਾਰਖੀਆਂ ਥੀਂ ਛੁੱਟ ਜੇ ਕਦੀ ਕੋਈ 'ਆਰਟ' (ਕੋਮਲ ਹੁਨਰ) ਪਾਰਖੀ ਧਿਆਨ ਦੁਆਰਾ ਦੇਖੇ ਤੇ ਆਪਣੇ ਰੂਹ ਦੀ ਇਕ ਸੁਰਤ ਵਿਚ ਲੀਨ ਹੋ ਕੇ ਕੁਛ ਦਿਨ ਚਿਤੋਂ ਹਰਿਮੰਦਰ ਦੇ ਰੂਪ ਅਨੂਪ ਨੂੰ ਦੇਖਣ ਵਿਚ ਖ਼ਰਚ ਕਰੇ, ਤਦ ਉਹ ਪਤਾ ਦੇ ਸਕੇਗਾ ਕਿ ਇਹ ਸਭ ਕਿਸੇ ਦੀ ਪੂਜਾ ਦਾ ਸਥਾਨ ਹੈ। ਦੇਖੋ, ਸਤਿਗੁਰਾਂ ਪਾਸ ਕਿੰਨੀ ਅਨੰਤ ਸਮਗ੍ਰੀ ਸੀ, ਜਿਸ ਨਾਲ ਇਹ ਨਿੱਕਾ ਜਿਹਾ ਮੰਦਰ ਬਣਾਇਆ। ਅਨੰਤ ਸੁੰਦਰਤਾ ਨਾਲ ਇਕ ਛੋਟਾ ਜਿਹਾ ਧਰਤੀ ਦਾ ਟੁਕੜਾ ਸਜਾਣਾ ਹੀ ਕੇਵਲ ਹੁਨਰ ਦੀ ਅਮਰੀ ਪੂਰਣਤਾ ਹੈ। ਅਕਾਸ਼, ਧਰਤੀ, ਸੂਰਜ, ਚੰਨ, ਤਾਰੇ, ਜਲ, ਸਮੁੰਦਰ, ਪਹਾੜ, ਨਦੀ, ਹਵਾ, ਰਾਗ, ਰਸ, ਭਜਨ, ਭਗਤੀ, ਪਿਆਰ, ਹਰਿਨਾਮ, ਤੀਰਥ, ਯਾਤ੍ਰਾ, ਮੰਦਰ, ਪੂਜਾ, ਅਨੰਤ ਭਾਵ, ਪਿਆਰ ਦੇ ਰੰਗ, ਰਸ ਦੇ ਦਰਜੇ, ਦੇਵੀ, ਦੇਵਤੇ, ਫ਼ਕੀਰ, ਧਰਮ, ਮਿਲਤ, ਮਿੱਠਤ, ਭੀੜਾ, ਮੇਲਾ, ਸੁਰਤ ਦੀਆਂ ਲੋੜਾਂ ਦੀਆਂ ਪੂਰਤੀਆਂ, ਜੀਵਨ, ਮੌਤ, ਦਿਨ, ਰਾਤ, ਦੁਪਹਿਰ, ਅੰਮ੍ਰਿਤ ਵੇਲਾ, ਲੋਕ ਪ੍ਰਲੋਕ, ਆਪਣੇ ਭਗਤਾਂ ਲਈ ਛੁਪ, ਪ੍ਰਗਟ ਤੇ ਅਪ੍ਰਗਟ, ਗੁਪਤ ਅਦ੍ਰਿਸ਼ਟ ਦਰਸ਼ਨ ਤੇ ਦ੍ਰਿਸ਼ਟ ਅਦਰਸ਼ਨ, ਬਿਰਹਾ ਦੀ ਤਪਤ, ਤੇ ਦਰਸ਼ਨ ਦੀ ਠੰਢ, ਤੇ ਅਕਾਲ ਪੁਰਖ ਦੀ ਅਮੂਰਤ ਮੂਰਤੀ ਤੇ ਮੂਰਤ ਅਮੂਰਤੀ ਤੇ ਇਹੋ ਜਿਹੀਆਂ ਹੋਰ ਅਣਗਿਣਤ ਚੀਜ਼ਾਂ ਕਿਸ ਦਿਵ੍ਯ ਰਸ ਨਾਲ, ਕਿਸ ਮਾਲਕ ਬੁੱਧੀ ਨਾਲ, ਇਸ ਹਰਿਮੰਦਰ ਦੀ ਅਨੂਪ ਰਚਨਾ ਵਿਚ ਆਣ ਜਵਾਹਰਾਂ ਵਾਂਗ ਜੜੀਆਂ ਹਨ। ਅਦ੍ਰਿਸ਼ਟ ਨੂੰ ਦ੍ਰਿਸ਼ਟਮਾਨ ਕਰ ਦਿਤਾ ਤੇ ਦ੍ਰਿਸ਼ਟਮਾਨ ਨੂੰ ਸੁਫਨੇ ਦੇ ਰੰਗ ਦੇ ਕੇ ਅਦ੍ਰਿਸ਼ਟ ਵਤ ਕਰ ਦਿਤਾ ਹੈ। ਜਗਤ ਭਰ ਲਈ ਇਕ ਚਿੱਟੀ ਚਮਕਦੀ ਨੂਰ ਦੀ ਖਿੱਟੀ ਬਣਾ ਕੇ ਧਰੀ ਹੈ। ਇਹ 'ਹਰਿਨਾਮ' ਬਣਾ ਕਿਵੇਂ ਸਾਡੀ ਸੁਰਤ ਵਿਚੋਂ ਤੇ ਸਾਡੀ ਸੁਰਤ ਇਸ ਵਿਚੋਂ ਲੰਘਾਈ ਹੈ।

ਸੁਖ ਦੀ ਛਹਿਬਰ ਲਗੀ ਹੈ, ਅੰਮ੍ਰਿਤ ਦੀ ਵਰਖਾ ਲਗੀ ਹੈ, ਸ਼ਾਂਤਿ ਸਤੋਗੁਣ ਸਰੋਵਰ ਭਰਿਆ ਹੈ; ਕਿੰਨੀ ਭੀੜ ਆਵੇ, ਭੀੜ ਨਹੀਂ ਹੁੰਦੀ। ਜਲ ਕਿਸ ਤਰ੍ਹਾਂ ਕਿੰਨੀ ਥਾਂ ਮੱਲ ਕੇ ਆਪਣੀ ਸਹਸਰ ਬਾਂਹ ਪਸਾਰ ਕੇ ਰਾਖੀ ਕਰ ਰਿਹਾ ਹੈ ਤੇ ਓਨੀ ਸਰੋਵਰ ਵਾਲੀ ਥਾਂ ਸਦਾ ਖੁੱਲ੍ਹੀ ਰਹਿੰਦੀ ਹੈ, ਜਿਸ ਵਿਚ ਭੀੜਾਂ ਸੁਛ ਸੁਆਸ ਲੈ ਸਕਦੀਆਂ ਹਨ। ਚੌਵੀ ਘੰਟੇ ਦਿਨ ਰਾਤ ਦੇ ਕਿਸ ਪੂਰਣ ਪਿਆਰ ਨਾਲ ਰੱਬ ਦੇ ਨਾਮ ਵਿਚ ਪ੍ਰੋਤੇ ਧਰੇ ਹਨ। ਹੋਰਨਾਂ ਦੇਸਾਂ ਵਿਚ ਰਾਤ ਪੈਂਦੀ ਹੈ, ਇਥੇ ਸਦਾ ਦਿਨ ਹੈ, ਸਦਾ ਕੀਰਤਨ ਹੈ, ਸੋਹਲੇ ਹਨ, ਕੁਦਰਤ ਦਾ ਸਾਰਾ ਆਵਾਜ਼ ਭਰਿਆ ਹੋਇਆ ਹੈ। ਇਹ ਗੂੰਜ ਤੇ ਇਸ ਦੀ ਪ੍ਰਤਿਧੁਨੀ ਕਦੀ ਬੰਦ ਨਹੀਂ ਹੁੰਦੀ। ਅਕਾਸ਼ ਸੂਰਜ ਚੰਦ ਤਾਰਿਆਂ ਦੇ ਪ੍ਰਕਾਸ਼ ਤੇ ਸਵੇਰ ਅਰ ਸ਼ਾਮ ਦੇ ਅਨੇਕ ਰੰਗਾਂ ਨਾਲ ਕਿਹਾ ਅਦਭੁਤ ਸੰਜੋਗ ਕੀਤਾ ਹੈ ਕਿ ਦਰਬਾਰ ਸਾਹਿਬ ਦਾ ਰੂਪ ਹਰ ਘੜੀ ਨਵਾਂ



www.AKJ.Org

ਹੈ। ਕੁਦਰਤ ਦੀ ਨੌਰੰਗੀ ਦਾ ਹਰਿਮੰਦਰ ਤੇ ਅਸਰ, ਤੇ ਹਰਿਮੰਦਰ ਦਾ ਕੁਦਰਤ ਉਪਰ ਪ੍ਰਤੀ-ਅਸਰ, ਤੇ ਦੋਹਾਂ ਦੇ ਸੰਜੋਗੀ ਮੇਲੇ ਦੀ ਸ਼ੋਭਾ ਹਰ ਵੇਲੇ ਇਕ ਨਵੀਂ ਆਤਮਕ ਰੁੱਤ ਤੇ ਅਕਹਿ ਰਸ ਪੈਦਾ ਕਰਦੇ ਹਨ। ਕਦੀ ਚੰਨ ਦੀ ਫੁਹਾਰ ਤੇ ਆਪ ਜੀ ਦਾ ਸੁਨਹਿਰੀ ਕਲਸ ਤੇ ਚਿੱਟਾ ਗੋਰਾ ਸਰੀਰ ਤੇ ਓਹ ਉਹਨਾਂ ਦਾ ਜਲ ਵਿਚ ਖਲੋ ਕੇ ਇਸ਼ਨਾਨ, ਕਦੀ ਤਾਰਿਆਂ ਦੀ ਛਾਂ, ਸ਼ਾਮਾਂ ਦੀ ਸਿਆਹੀ ਤੇ ਸੁਫਨੇ ਵਾਂਗ ਆਪ ਦੀ ਅਦਭੁਤ ਮਿਸੀ ਮਿਸੀ ਝਾਕੀ; ਕਦੀ ਬਰਫ਼ ਪੈਂਦੀ ਹੈ ਤੇ ਕਦੀ ਜਦ ਸੂਰਜ ਪੱਛਮ ਨੂੰ ਜਾਂਦਾ ਹੈ ਅੱਗ ਦੇ ਉੱਚੇ ਲੰਮੇ ਲਾਲ ਭਬਕਦੇ ਸ਼ੁਅਲੇ ਬਲਦੇ ਦਿੱਸਦੇ ਹਨ। ਸਿਆਲੇ ਵਿਚ ਗਰਮੀ ਦੀ ਰੁਤ ਤੇ ਗਰਮੀ ਵਿਚ ਸਿਆਲ ਦੀ ਰੁਤ ਇਥੇ ਮਿਲਦੀ ਹੈ। ਤੇ ਰੱਬ ਦੇ ਨਾਮ ਨਾਲ ਭਰਿਆ ਮੰਦਰ ਦਾ ਸਿਰ ਦੇਖੋ ਨਾ ! ਨਾ ਨਿਵੇਂ ਪੂਰਬ, ਨਾ ਪੱਛਮ ਦਿਸ਼ਾ ਨੂੰ, ਨਾ ਉੱਤਰ ਤੇ ਨਾ ਦੱਖਣ ਦਿਸ਼ਾ ਨੂੰ, ਬੱਸ ਅਕਾਸ਼ ਵੱਲ ਰੱਬ ਦੇ ਨਾਮ ਨਾਲ ਸਿਧਾ ਨਿਸ਼ਾਨ ਕਰਦਾ ਹੈ ਤੇ ਰੱਬ ਦੇ ਅਰਸ਼ ਵੱਲ ਉਚਾਈ ਵੱਲ ਧਿਆਨ ਖਿਚਦਾ ਹੈ ਤੇ ਇਸ ਸਿਧਾਂਤ ਦੀ ਤਸਵੀਰ ਖਿੱਚੀ ਧਰੀ ਹੈ ਕਿ ਇਕ ਵਾਹਿਗੁਰੂ ਸਤਿਨਾਮ ਰੱਬ ਸੱਚਾ, ਹੋਰ ਕੁਛ ਸੱਚਾ ਨਹੀਂ। ਸਭ ਸਿੱਮਤਾਂ ਹਰਿਮੰਦਰ ਦੀਆਂ ਥੰਮ੍ਹ ਰੂਪ ਹਨ, ਕੋਨੇ ਹਨ। ਕੋਈ ਸਿੱਮਤ ਭਾਰੀ ਹਲਕੀ ਨਹੀਂ, ਕੋਈ ਖ਼ਾਸ ਸਿੱਮਤ ਰਬ ਦਾ ਨਿਵਾਸ ਨਹੀਂ। ਇਹ ਹਰਿਮੰਦਰ ਦੀਆਂ ਨੁੱਕਰਾਂ ਹਨ ਅਰ ਸਾਰਾ ਚੌਗਿਰਦਾ ਰੱਬ ਦੇ ਘਰ ਨੂੰ ਜਾਣ ਦਾ ਰਾਹ ਹੈ, ਕਿਸੀ ਨੂੰ ਮਨਾਹੀ ਨਹੀਂ, ਰਾਹ ਖੁੱਲ੍ਹਾ ਹੈ ਏਥੇ, ਹਰਿਮੰਦਰ ਦੇ ਸੱਭੇ ਤਰਫ਼ ਦਰਵਾਜ਼ੇ ਖੁੱਲ੍ਹੇ ਹਨ। ਮੱਕਾ ਫਿਰਦਾ ਇਥੇ ਦਿੱਸ ਰਿਹਾ ਹੈ, ਮੁਨਾਰੇ ਬਾਗ਼ ਦੇ ਨਾਲ ਖੜੇ ਹਨ ਤੇ ਬਾਬਾ-ਅਟੱਲ ਦੇ ਮੀਨਾਰ ਦੀ ਉਚਾਈ ਦਿਲ ਨੂੰ ਖਿੱਚ ਕੇ ਕਿੰਨਾ ਉੱਚਾ ਕਰ ਦੇਂਦੀ ਹੈ। ਇਮਾਰਤ ਕੀਹ ਹੈ, ਸੁੰਦਰਤਾ, ਸੁਹੱਣਪ ਤੇ ਰੱਬੀ ਸ਼ਾਨ ਦਾ ਮੇਲਵੇਂ ਅਸਰ ਦਾ ਜੜਾਊ ਕੰਮ ਹੈ। ਦੇਵੀ ਦੇਵਤਿਆਂ ਦਾ ਆਗਮਨ ਤੇ ਰਹਿਣ ਦਾ ਸਥਾਨ ਹੈ।

ਇਹ ਸਰੋਵਰ ਸਤਿਗੁਰਾਂ ਨੇ ਆਪਣੀ ਹੱਥੀਂ ਤੇ ਸਤਿਗੁਰਾਂ ਦੇ ਪੁਰਾਣੇ ਸਿੱਖਾਂ ਨੇ ਖੋਦਿਆ ਹੈ, ਇਸ ਦੀ 'ਰੱਬ ਨਿਮਤੀ' ਅਨੰਤ ਹੈ। ਇਸ ਦਾ ਆਪਾ ਵਾਰਣ ਦਾ ਬਲ ਅਨੰਤ ਹੈ, ਇਥੇ ਸਹਸਰ ਗੁਰਮੁਖਾਂ ਦੇ ਸੀਸ ਚੜ੍ਹੇ, ਪੱਤਾ ਪੱਤਾ, ਜ਼ੱਰਾ ਜ਼ੱਰਾ ਇਥੇ ਭਾਵਾਂ ਨਾਲ ਭਰਿਆ ਪਿਆ ਹੈ, ਇਥੇ ਅਣਗਿਣਤ ਅ-ਨਾਮ ਅਣਪਛਾਤੇ ਆਲੀ ਜਾਹ ਤੇ ਆਲੀ ਨਿਸ਼ਾਨ ਸਿੱਖਾਂ ਸਿਖਣੀਆਂ ਦੇ ਇਲਾਹੀ ਇਸ਼ਕ ਦੀਆਂ ਭਰੀਆਂ ਰੂਹਾਂ ਨੂੰ ਕੰਬਾਉਣ ਵਾਲੀਆਂ, ਜਿਗਰ ਚੀਰਵੀਆਂ, ਚੁਪ ਕੂਕਦੀਆਂ ਨਜ਼ਰਾਂ ਅਸਾਂ ਵੱਲ ਤੱਕ ਰਹੀਆਂ ਹਨ। ਸਾਰੀ ਲੋਪ ਹੋਈ ਸਿਖ ਤਵਾਰੀਖ਼, ਹਾਂ ਜੀ, ਸਾਧਾਰਣ ਗ਼ਰੀਬ, ਅਮਾਣੇ ਅਜਾਣੇ ਸਿੱਖਾਂ ਦੇ ਜੀਵਨ ਚਰਿਤ੍ਰ ਸ਼ੁਭ ਸਿਮਰਨ ਭਰੇ, ਕਰਾਮਾਤੀ, ਪ੍ਰਾਕ੍ਰਮੀ ਜੋਤੀ, ਗੁਰੂ ਨਾਟਕ, ਗੁਰੂ ਗੋਬਿੰਦ ਸਿੰਘ ਜੀ ਦੇ ਪਾਲੇ ਪਿਆਰੇ ਜੀਵਨ, ਇਸ ਸਰੋਵਰ ਦੇ ਜਲ ਵਿਚ ਘੁਲੇ ਪਏ ਹਨ। ਗੁਜ਼ਰਿਆ ਜ਼ਮਾਨਾ ਜਦ ਤਕ ਸਾਡੀ ਰੂਹ ਵਿਚ ਅਨੁਭਵ ਦਵਾਰਾ ਪ੍ਰਤੱਖ ਨਾ ਹੋਵੇ ਤਾਂ ਕੌਣ ਬਪੁੜੀ ਲੇਖਣੀ ਇਤਿਹਾਸ ਲਿਖ ਸਕਦੀ ਹੈ। ਮੋਟੇ ਮੋਟੇ ਹਵਾਲ, ਇਤਿਹਾਸ ਵਿਚ ਲਿਖੀਆਂ ਗੱਲਾਂ ਅਜੇ ਚੰਗੀ ਤਰ੍ਹਾਂ ਲਿਖੀਆਂ ਹੋਵਨ ਤਾਂ ਨਿਰੀਆਂ ਸੇਧਾਂ ਹਨ। ਦਸਾਂ ਪਾਤਸ਼ਾਹੀਆਂ ਦਾ ਜੀਵਨ ਚਰਿਤ੍ਰ ਗੁਰਮੁਖ ਸਿਖ ਹੈ ਤੇ ਗੁਰਮੁਖ ਸਿਖ ਦੀ ਸੁਰਤਿ ਤੇ ਇਤਿਹਾਸ ਦਾ ਵਿਸਤਾਰ ਸਿਖ ਤਵਾਰੀਖ਼ ਹੈ ਤੇ ਇਸ ਤਰ੍ਹਾਂ ਦਾ ਇਹ ਬੀਜ ਰੂਪ ਸੰਕੋਚ ਤੇ ਮੁੜ ਭੂਤ ਭਵਿਖਤ ਦੇ ਸਿਖ-ਜੀਵਨ ਅਥਵਾ ਇਤਿਹਾਸ ਦਾ ਬ੍ਰਿਛ ਰੂਪ ਵਿਸਤਾਰ ਇਹ ਹਰਿਮੰਦਰ ਹੈ। ਹਜ਼ਾਰਾਂ ਭੀੜਾਂ ਲੰਘ ਜਾਂਦੀਆਂ ਹਨ, ਕਈ ਮੇਲੇ ਹੁੰਦੇ ਹਨ, ਦਿਨ ਰਾਤ ਮੇਲਾ ਹੁੰਦਾ ਹੈ, ਪਰ ਹਰਿਮੰਦਰ ਇਤਨਾ ਮਹਾਨ ਤੇ ਨਾਜ਼ਕ ਚੁੰਬਕ ਪੱਥਰ ਹੈ ਕਿ ਇਸ ਦੇ ਸਰੀਰ ਨਾਲ ਕੇਵਲ ਸਿਖ ਹਿਰਦੇ ਪਿਆਰ ਨਾਲ ਚਿਮਟੇ ਜਾਂਦੇ ਹਨ, ਬਾਕੀ ਰੇਤ ਦੇ ਕਿਣਕਿਆਂ ਵਾਂਗ ਹਵਾ ਦੇ ਧੱਪੇ ਨਾਲ ਪਰੇ ਸੁੱਟੇ ਜਾਂਦੇ ਹਨ। ਕਲਗੀ ਵਾਲੇ ਬਾਬਾ ਜੀ ਨੇ ਆਖਣੇ ਸਿਖ ਇਸੇ ਕਰਕੇ ਹੀ ਸਰਬ ਲੋਹ ਦੀ ਦੇਹ ਦੇ ਬਣਾ ਦਿੱਤੇ ਜੋ ਹਰਿਮੰਦਰ ਦੀ ਦੇਹ ਨਾਲ ਛੁਹ ਛੁਹ ਕੇ ਆਪ ਜੀ ਦੇ ਬੱਚੇ ਸਦਾ ਆਤਮਿਕ ਮਿਕਨਾਤੀਸ ਬਣੇ ਰਹਿਣ। ਸਦਾ ਆਤਮਿਕ ਜੀਵਨ ਦੀ ਸੂਖਮ ਸਥੂਲ ਰੌ ਨਾਲ ਭਰੇ ਰਹਿਣ। ਹਰ ਇਕ ਸਿਖ ਠੰਢਾ, ਸ਼ਾਂਤਿ, ਅਡੋਲ, ਕੀਰਤਨ ਭਰਿਆ, ਸਿਮਰਨ ਭਰਿਆ, ਹਰਿਮੰਦਰ ਦੀ ਤਸਵੀਰ ਹੋਵੇ :-

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥੧੦॥ [ਫੁਨਹੇ ਮਹਲਾ ੫, ਪੰਨਾ ੧੩੬੨)

www.AKJ.Org(ਖ਼ਾਲਸਾ ਸਮਾਚਾਰ ੨੪-੧੨-੧੯[illegible]

## 'ਸੂਰਾ' ਮਾਸਕ ਪੱਤਰ ਦਾ ਚੰਦਾ

ਦਸੰਬਰ ੧੯੮੧ ਤੋਂ ਹੁਣ ਤਕ 'ਸੂਰਾ' ਦਾ ਚੰਦਾ ੧੫/- ਹੀ ਚਲਾ ਆਉਂਦਾ ਹੈ, ਜਦ ਕਿ ਕਾਗਜ਼, ਛਪਾਈ ਤੇ ਲੇਬਰ ਦਿਨ-ਬਦਿਨ ਮਹਿੰਗੀ ਤੋਂ ਮਹਿੰਗੀ ਹੁੰਦੀ ਜਾ ਰਹੀ ਹੈ। ਹੁਣ ਸਖ਼ਤ ਮਜਬੂਰੀ ਕਾਰਨ ਨਾਂ-ਮਾਤਰ ਚੰਦਾ ਵਧਾਇਆ ਜਾ ਰਿਹਾ ਹੈ। ਪਹਿਲੀ ਅਪ੍ਰੈਲ ਤੋਂ ਚੰਦਾ ੨੦ ਸਾਲ ਹੋਵੇਗਾ। ਯਾਦ ਰਹੇ ਕਿ ਹਰ ਮਹੀਨੇ 'ਸੂਰਾ' ਪੱਤਰ ਨੂੰ ਜੋ ਸਹਾਇਤਾ ਪੁਜਦੀ ਹੈ, ਉਸ ਦਾ ਬਹੁਤਾ ਹਿਸਾ 'ਸੂਰਾ' ਵਲੋਂ ਛਾਪੇ ਜਾ ਰਹੇ ਗੁਰਮਤਿ ਟ੍ਰੈਕਟਾਂ ਵਿਚ ਪਾ ਕੇ, ਲਾਗਤ ਤੋਂ ਵੀ ਘਟ ਕੀਮਤ ਤੇ ਉਹ ਦਿਤੇ ਜਾ ਰਹੇ ਹਨ।

***ਅਮਾਨਤੀ ਲਾਈਫ ਮੈਂਬਰ***—ਸਭ ਦੇਸ ਵਾਸੀ ਅਮਾਨਤੀ ਲਾਈਫ ਮੈਂਬਰਾਂ ਦੀ ਅਸਲ ਰਕਮ ਬੈਂਕ ਵਿਚ ਅਮਾਨਤ ਵਜੋਂ ਜਮ੍ਹਾ ਹੈ। ਉਸ ੧੫੦/- ਦੀ ਰਕਮ ਦਾ ਸੂਦ ੧੫/- ਸਾਲ 'ਸੂਰਾ' ਵਸੂਲ ਕਰਦਾ ਹੈ। ਅਸਲ ਰਕਮ ਹਮੇਸ਼ਾ ਲਈ ਗਾਹਕ ਦੀ ਹੈ, 'ਸੂਰਾ' ਨੇ ਸੂਦ ਵਜੋਂ ਕੇਵਲ ਚੰਦਾ ਹੀ ਲੈਣਾ ਹੈ। ਹੁਣ ਖ਼ਰਚ ਵਧਣ ਕਰਕੇ ਚੰਦਾ ੨੦/- ਹੋ ਜਾਣ ਨਾਲ ਅਮਾਨਤੀ ਲਾਈਫ ਮੈਂਬਰਾਂ ਦੀ ਰਕਮ ੨੦੦/- ਕਰ ਦਿਤੀ ਗਈ ਹੈ। ਇਸ ਹਿਸਾਬ ਨਾਲ ਸਾਰੇ ਪਹਿਲੇ ਅਮਾਨਤੀ ਲਾਈਫ ਮੈਂਬਰ ੫੦/- ਹੋਰ ਭੇਜ ਕੇ ਧੰਨਵਾਦੀ ਬਣਾਉਣ ਤਾਂਕਿ ਇਹ ਰਕਮ ਉਨ੍ਹਾ ਦੇ ਹਿਸਾਬ ਵਿਚ ਜਮ੍ਹਾ ਕਰਵਾ ਕੇ 'ਸੂਰਾ' ਆਪਣਾ ਚੰਦਾ ਪੂਰਾ ਕਰ ਸਕੇ।

***ਪਰਦੇਸੀ ਚੰਦੇ***—ਅਜੇ ਕੋਈ ਨਹੀਂ ਵਧਾਏ ਜਾ ਰਹੇ। ਪਰਦੇਸੀ ਵੀਰਾਂ ਭੈਣਾਂ ਵਲੋਂ ਜੋ ਸਹਾਇਤਾ ਪੁਜਦੀ ਹੈ ਤੇ ਪੁਜਗੀ, ਉਹ ਸਾਡੇ ਖ਼ਰਚਾਂ ਨੂੰ ਪੂਰਾ ਕਰਨ ਵਿਚ ਸਹਾਈ ਹੈ। ਪਰਦੇਸਾਂ ਦੇ ਡਾਕ ਖਰਚ ਵਧਾਏ ਜਾਣ ਦੀ ਸਰੋਤ ਹੈ। ਡਾਕ ਖ਼ਰਚ ਵਧਣ ਦੀ ਹਾਲਤ ਵਿਚ ਹੀ ਮਜਬੂਰਨ ਪਰਦੇਸਾਂ ਦੇ ਰੇਟ ਵੀ ਵਧਾਣੇ ਪੈਣਗੇ।

## ਭਾਈ ਸਾਹਿਬ ਦੇ ਜਨਮ-ਅਸਥਾਨ ਦੀ ਨਵ-ਉਸਾਰੀ

ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਜਨਮ-ਅਸਥਾਨ ਨਾਰੰਗਵਾਲ ਦੀ ਬਿਲਡਿੰਗ ਡਿਗ-ਢੱਠ ਜਾਣ ਪਿਛੋਂ, ਹੁਣ ਨਵੇਂ ਸਿਰੇ ਉਸਾਰੀ ਅਰੰਭੀ ਗਈ ਹੈ। ਉਸਾਰੀ ਦੀ ਸੇਵਾ ਸੰਤ ਬਾਬਾ ਦਰਸ਼ਨ ਸਿੰਘ ਜੀ ਨੂੰ ਦਿਤੀ ਗਈ ਹੈ। ਇਕ ਵੱਡਾ ਕੀਰਤਨ-ਹਾਲ, ਲੰਗਰ-ਅਸਥਾਨ ਅਤੇ ਕੁਝ ਕਮਰੇ ਉਸਾਰੇ ਜਾਣੇ ਹਨ। ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ) ਵਲੋਂ ੨੦,੦੦੦/ ਰੁਪਏ ਦੀ ਮੁਢਲੀ ਸਹਾਇਤਾ ਭੇਜੀ ਜਾ ਰਹੀ ਹੈ। ਮਾਇਕੀ ਪਰਬੰਧ ਲਈ ਇਕ ਕਮੇਟੀ ਪੰਜ ਮੈਂਬਰਾਂ ਦੀ ਨੀਯਤ ਹੋ ਗਈ ਹੈ ਅਤੇ ਨਾਰੰਗਵਾਲ ਦੇ "ਸਟੇਟ ਬੈਂਕ ਆਫ਼ ਪਟਿਆਲਾ" ਵਿਚ ਹਿਸਾਬ ਨੰਬਰ ਪ੩੨੫ "ਭਾਈ ਰਣਧੀਰ ਸਿੰਘ ਗੁਰਮਤਿ ਸਕੂਲ" ਦੇ ਨਾਂਅ ਦਾ ਖੋਲ੍ਹ ਦਿਤਾ ਗਿਆ ਹੈ। ਸਿਖ ਸੰਗਤਾਂ ਇਸ ਉਸਾਰੀ ਵਾਸਤੇ ਮਾਇਆ ਉਪਰੋਕਤ ਖਾਤੇ ਵਿਚ ਭੇਜਣ ਦੀ ਕਿਰਪਾਲਤਾ ਕਰਨ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ (ਕੇਂਦਰੀ ਦਫਤਰ)

---

**ਰਿਸ਼ਤੇ ਨਾਤੇ**—ਨੋਟ—(੧) ਚਿਠੀ ਲਫਾਫੇ ਤੇ ਪਤਾ ਲਿਖੋ : ਫਾਰਮ ਨੰ:———C/o ਸੂਰਾ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ। (੨) ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਲਿਖੋ। (੩) ਰਿਸ਼ਤੇ ਨਾਤੇ ਦੇ ਫਾਰਮ ਦਫ਼ਤਰ 'ਸੂਰਾ' ਮਾਸਕ ਪਤਰ ਤੋਂ ਟਿਕਟ-ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੩੮੨—੨੧ ਸਾਲਾ ਬੀਬੀ ਐਮ.ਐਸ-ਸੀ. ਬੌਟਨੀ ਪੜ੍ਹਦੀ, ਕੱਦ ੫'-੪" ਲਈ ਇੰਜੀਨੀਅਰ/ਡਾਕਟਰ ਜਾਂ ਅਛੀ ਸਰਵਿਸ ਵਾਲੇ ਤਿਆਰ ਬਰ ਤਿਆਰ ਗੁਰਸਿਖ ਵਰ ਦੀ ਲੋੜ।

ਫ਼ਾਰਮ ਨੰ: ੩੮੩—੨੦ ਸਾਲਾ ਬੀਬੀ, ਅਠਵੀਂ ਪਾਸ, ਕੱਦ ੫'-੨" ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: ੩੮੪—੧੮ ਸਾਲਾ ਬੀਬੀ, ਮੈਟਰਿਕ ਪਾਸ, ਕਦ ੫'-੩" ਲਈ ਯੋਗ ਵਰ ਦੀ ਲੋੜ।

ਫ਼ਾਰਮ ਨੰ: ੩੮੫—੨੪ ਸਾਲਾ ਸਿੰਘ, ਅੰਡਰ ਬੀ. ਏ. ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੮੬—੩੬ ਸਾਲਾ ਦੁਹਾਜੂ ਸਿੰਘ, ਦੋ ਲੜਕਿਆਂ ਦਾ ਬਾਪ, ਨੌਕਰੀ ਪੇਸ਼ਾ ਲਈ ਕਿਸੇ ਬੀਬੀ ਦੇ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੮੭—੨੬ ਸਾਲਾ ਸਿੰਘ ਮੈਟਰਿਕ ਪਾਸ ਕੱਦ ੫'-੬", ਕੰਮ ਟੇਲਰਿੰਗ ਤੇ ਗ੍ਰੰਥੀ ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੮੮—੩੦ ਸਾਲਾ ਦੁਹਾਜੂ ਸਿੰਘ, ਕੱਦ ੫'-੬", ਬਾਰਾਂ ਪਾਸ, ਬਜਾਜੀ ਦੁਕਾਨ ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੮੯—੨੮ ਸਾਲਾ ਸਿੰਘ, ਕੱਦ ੫'-੭". ਏ. ਐਮ. ਆਈ. ਈ. ਭਾਗ ਪਹਿਲਾ ਪਾਸ, ਲੈਕਚਰਾਰ ਸਰਕਾਰੀ ਸਕੂਲ, ਇਲੈਕਟ੍ਰੀਕਲ ਡਿਪਲੋਮਾ ਪਾਸ ਲਈ ਯੋਗ ਰਿਸ਼ਤੇ ਦੀ ਲੋੜ।

ਫ਼ਾਰਮ ਨੰ: ੩੯੦—੨੨ ਸਾਲਾ ਸਿੰਘ, ਕੱਦ ੫'-੭" ਛੇਵੀਂ ਪਾਸ, ਕੰਮ ਖੇਤੀ ਬਾੜੀ ਲਈ ਜ਼ਿਮੀਦਾਰ ਘਰਾਣੇ ਦੇ ਰਿਸ਼ਤੇ ਦੀ ਲੋੜ।

www.AKJ.Org

## ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਇਸ ਮਹੀਨੇ ਸਿਖ ਸੰਗਤਾਂ ਵਲੋਂ ਹੇਠ ਲਿਖੀ ਮਾਇਆ ਪੁਜੀ ਹੈ :—

| | | | |
|---|---|---|---|
| ਗੁਪਤ ... ... | ੧੦੧-੦੦ | ਗੁਪਤ ... ... ... | ੧੭੦੦-੦੦ |
| ਸ: ਨਾਨਕ ਸਿੰਘ, ਪੂਨਾ | ੩੦੦੩-੦੦ | ਸ: ਪਰਤਾਪ ਸਿੰਘ, ਨਵੀਂ ਦਿਲੀ | ੨੦੦੦-੦੦ |
| ਸ: ਪਰਤਾਪ ਸਿੰਘ, ਨਵੀਂ ਦਿੱਲੀ | ੯੮੦-੦੦ | ਸ: ਜਸਵੰਤ ਸਿੰਘ; ਨਵੀਂ ਦਿਲੀ | ੭੦-੦੦ |
| ਸ: ਬਚਿਤ੍ਰ ਸਿੰਘ, ਭਾਨ ਸਿੰਘ, ਬਾਬਾ ਚੂੜ ਸਿੰਘ, ਸੈਦੋ ਲਹਿਲ | ੪੪੫-੦੦ | ਗੁਪਤ ਦਾਨ ... ... ... | ੧੦੦-੦੦ |
| ਸ: ਪੂਰਨ ਸਿੰਘ, ਖੰਨੋਵਾਲ (ਕਪੂਰਥਲਾ) | ੫੧-੦੦ | ਸ:ਗੁਰਜੰਟ ਸਿੰਘ ਪੁਤ੍ਰ ਸ:ਪਾਲ ਸਿੰਘ;ਅਰਾਈਆਂ | ੨੦੦-੦੦ |
| ਸ: ਚੂੜ ਸਿੰਘ, ਸੈਦੋ ਲਹਿਲ | ੫੧-੦੦ | ਸ: ਸੰਤਾ ਸਿੰਘ ਕੜੈਲ (ਸੰਗਰੂਰ) | ੧੫੦੦-੦੦ |
| ਗੁਪਤ ... ... ... | ੫੦੦-੦੦ | ਸ: ਸੁਖਰਾਜ ਸਿੰਘ; ਭਾਗੋਵਾਲ | ੧੧-੦੦ |
| ਸੰਗਤ ਮਿਡ-ਵੇ ਟਾਊਨ, ਯੂ. ਕੇ. | ੭੬੮੯-੯੪ | ਸੰਗਤ ਕੋਪਨ ਹੇਗਨ ਡੈਨਮਾਰਕ | ੩੮੦੨-੩੦ |
| ਸ: ਦਰਸ਼ਨ ਸਿੰਘ ਮੂਲੀਆਂਵਾਲ (ਗੁਰਦਾਸਪੁਰ) | ੩੦-੦੦ | ਸ: ਸ਼ਿੰਗਾਰਾ ਸਿੰਘ; ਬਰਮਿੰਘਮ ਯੂ. ਕੇ. | ੩੭੦੨-੭੦ |
| ਇਸਤ੍ਰੀ ਸਤਸੰਗ ਸਭਾ ਹਾਲੈਂਡ | ੧੧੪੫੮-੦੦ | ਸ: ਜਸਪਾਲ ਸਿੰਘ, ਮਸਕਟ | ੭੫੦-੦੦ |
| ਸ: ਰਘਬੀਰ ਸਿੰਘ, ਅੰਮ੍ਰਿਤਸਰ | ੧੦੦੦-੦੦ | ਸੰਗਤ ਇਲਾਕਾ ਨਡਾਲਾ (ਕਪੂਰਥਲਾ) | ੫੭੫-੦੦ |
| | | ਸੰਗਤ ਗੁ:ਹਲਵਾਰਾ (ਮਦਰਾਸੀ ਪ੍ਰਵਾਰ ਲਈ) | ੧੦੦੦-੦੦ |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀਬੀ ਅਮਰਜੀਤ ਕੌਰ ਪਤਨੀ ਭਾ: ਸਵਰਨ ਸਿੰਘ ਪਿੰਡ ਲਹਿਰਕੇ—ਦੋ ਪੁਤਰ ਜੇਲ੍ਹ; ਕੇਸ ਦੀ ਪੈਰਵੀ | ੫੦੦੦-੦੦ |
| ਬੀਬੀ ਗੁਰਮੀਤ ਕੌਰ ਪਤਨੀ ਭਾ: ਅਜੀਤ ਸਿੰਘ; ਸਭਰਾਅ ਅੰਮ੍ਰਿਤਸਰ-ਪਤੀ ਜੇਲ੍ਹ,ਕੇਸ ਦੀ ਪੈਰਵੀ ਤੇ ਘਰੇਗੀ ਲੋੜਾਂ | ੫੦੦੦-੦੦ |
| ਬੀਬੀ ਨਰਿੰਦਰ ਕੌਰ ਪਤਨੀ ਭਾ: ਗੁਰਨਾਮ ਸਿੰਘ ਖੇਮਕਰਨ—ਪਤੀ ਜੇਲ੍ਹ " " " | ੫੦੦੦-੦੦ |
| ਬੀਬੀ ਪਰਮਜੀਤ ਕੌਰ ਪਤਨੀ ਭਾ: ਸੁਲੱਖਣ ਸਿੰਘ, ਚਾਚੋਵਾਲੀ—ਪਤੀ ਲਾ-ਪਤਾ, ਘਰੇਗੀ ਲੋੜਾਂ | ੫੦੦੦-੦੦ |
| ਬੀਬੀ ਠਰਸੇਮ ਕੌਰ ਪਤਨੀ ਭਾ: ਪਾਖਰ ਸਿੰਘ, ਸੁਜੋਂ—ਪੁਤਰ ਸ਼ਹੀਦ, ਘਰੇਗੀ ਲੋੜਾਂ | ੫੦੦੦-੦੦ |
| ਬੀਬੀ ਬਚਨ ਕੌਰ ਮਾਤਾ ਭਾ: ਮੰਗਲ ਸਿੰਘ, ਅੰਮ੍ਰਿਤਸਰ—ਪੁਤਰ ਜੇਲ੍ਹ, ਕੇਸ ਦੀ ਪੈਰਵੀ | ੫੦੦੦-੦੦ |
| ਫ਼ੌਜੀ ਅਤੇ ਸ਼ਹੀਦੀ ਪੀੜਤ ੧੭ ਪਰਵਾਰਾਂ ਨੂੰ ਮਾਸਕ ਸਹਾਇਤਾ ਬੈਂਕ ਰਾਹੀਂ | ੩੫੦੦-੦੦ |
| ਸਰਦਾਰਨੀ ਅਮਰਕੌਰ ਪਤਨੀ ਸਵਰਗੀ ਭਾਈ ਭਜਨ ਸਿੰਘ ਜੀ (ਮਦਰਾਸੀ ਪਰਵਾਰ) | ੧੫੦੦-੦੦ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸ: ਹਰਭਜਨ ਸਿੰਘ ਰਿਆਤ, ਨੈਰੋਬੀ | ੧੦੦੦-੦੦ | ਸ: ਸ਼ਾਮ ਸਿੰਘ ਦਰਸ਼ਨ ਸਿੰਘ; ਅੰਮ੍ਰਿਤਸਰ | ੧੦੦-੦੦ |
| ਸ: ਭੁਪਿੰਦਰ ਸਿੰਘ, ਦਿਲੀ | ੧੯੦-੦੦ | ਬੀਬੀ ਹਰਸ਼ਰਨ ਕੌਰ, ਮਿੱਠਾਪੁਰ ਜਲੰਧਰ | ੫੦-੦੦ |
| ਫ਼ੈਨਸੀ ਜਨਰਲ ਸਟੋਰ,ਅੰਮ੍ਰਿਤਸਰ (ਚੜ੍ਹਾਵਾ) | ੧੪੯-੨੫ | ਸ: ਬਲਵੰਤ ਸਿੰਘ; ਢੰਡੋਵਾਲ ਖੇੜੀ | ੧੦੦-੦੦ |
| ਸ: ਮਹਾਂਵੀਰ ਸਿੰਘ; ਲੰਢੂਵਾਲ | ੧੦੦-੦੦ | Cpl. ਕੁਲਦੀਪ ਸਿੰਘ; ਬੰਗਲੌਰ | ੧੦੦-੦੦ |
| ਸ: ਫ਼ੌਜਿੰਦਰ ਸਿੰਘ, ਮਹਾਲੀ (ਵਾਧੂ ਰਕਮ) | ੧੦-੦੦ | ਸ; ਮਲਕੀਅਤ ਸਿੰਘ ਨਾਗਰਾ, ਬਰਮਿੰਘਮ ਯ.ਕੇ | ੩੦੦-੦੦ |
| ਸ: ਗੁਰਚਰਨ ਸਿੰਘ ਰੈਡਿੰਗ ਯੂ. ਕੇ. | ੫੦-੦੦ | ਸ:ਇੰਦਰਜੀਤ ਸਿੰਘ ਠੇਕੇਦਾਰ ਅੰਮ੍ਰਿਤਸਰ(ਚੜ੍ਹਾਵਾ) | ੭੬-੮੦ |
| ਸ: ਮਹਿੰਦਰ ਸਿੰਘ,ਕਾਨਪੁਰ—ਬਾਬਾ ਸੰਤਾ ਸਿੰਘ ਦੇ ਅੰਤਮ ਭੋਗ ਸਮੇਂ ਚੜ੍ਹਾਵਾ | ੧੩੫-੦੦ | ਗੁਪਤ ... | ੧੧੦-੦੦ |

## ਅਖੰਡ ਕੀਰਤਨੀ ਜਥਾ ਯੂ. ਕੇ ਵਲੋਂ ਪ੍ਰੋਗਰਾਮ

(1) ਇੰਟਰਨੈਸ਼ਨਲ ਪੱਧਰ ਤੇ ਸ਼ਹੀਦਾਂ ਦੀ ਯਾਦ ਵਿਚ ੧੯ ਤੋਂ 21 ਅਪ੍ਰੈਲ ਸ੍ਰੀ ਅਖੰਡ ਪਾਠ ਸ਼ਾਮ ਨੂੰ ਭੋਗ ਉਪਰੰਤ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸੰਚਾਰ, ਗੁਰਦਵਾਰਾ ਸਿਖ ਟੈਂਪਲ, 96-98 ਨਿਊ ਸਟਰੀਟ, ਲਮਿੰਗਟਨ ਸਪਾ ਵਿਖੇ। ਗੁਰਦਵਾਰਾ ਫ਼ੋਨ 0926-24297, ਭਾਈ ਜਰਨੈਲ ਸਿੰਘ 0926-330008

(2) ਅਖੰਡ ਕੀਰਤਨੀ ਜਥਾ ਯੂ. ਕੇ. ਦੀ ਜਨਰਲ ਬਾਡੀ ਦੀ ਮੀਟਿੰਗ ਤੇ ਨਵੇਂ ਸੇਵਾਦਾਰਾਂ ਦੀ ਨਿਯੁਕਤੀ 19 ਮਈ ਡੇਢ ਵਜੇ ਦਿਨੇ ਗੁਰਦਵਾਰਾ ਗੁਰੂ ਅਰਜਨ ਦੇਵ ਜੀ, ਕਰਾਮਵੈਲ ਸਟਰੀਟ ਡਰਬੀ ਵਿਖੇ। ਗੁਰਦਵਾਰਾ ਫ਼ੋਨ 0332-32539; ਭਾ: ਚੈਨ ਸਿੰਘ ਡਰਬੀ 0332-45150 ਜਥੇਦਾਰ ਭਾ: ਦੀਦਾਰ ਸਿੰਘ, ਹਡਰਸਫੀਲਡ ਫ਼ੋਨ 0484-545165, ਅਖੰਡ ਕੀਰਤਨੀ ਜਥੇ ਦੇ ਸਾਰੇ ਮੈਂਬਰ ਮੌਕੇ ਤੇ ਪਹੁੰਚ ਕੇ ਜਥੇਦਾਰ ਸਾਹਿਬ ਨੂੰ ਸਹਿਯੋਗ ਦੇਣ।

(3) ਕੀਰਤਨ ਰੈਣ ਸਬਾਈ, 12 ਮਈ ਰਾਤ ਗੁਰਦਵਾਰਾ ਸਿਖ ਐਸੋਸੀਏਸ਼ਨ; 12-ਸ਼ੇਰ ਬੌਰਨ ਸਟਰੀਟ, ਮਾਨਚੈਸਟਰ-8, ਗੁਰਦਵਾਰਾ ਫ਼ੋਨ 061-832-2241; ਭਾਈ ਪ੍ਰਿਥੀਪਾਲ ਸਿੰਘ 0625-32407

## ਯੂ.ਕੇ. ਵਿਚ ਚੰਦੇ ਤੇ ਹੋਰ ਰਕਮਾਂ ਜਮ੍ਹਾ ਕਰਾਣ ਲਈ ਪਤਾ :

Gurnam Singh, 10 Lambourne Gardens, Earley, Reading, Berks. Phone 0734-67900

www.AKJ.Org

## ਸ੍ਰੀ ਅੰਮ੍ਰਿਤਸਰ ਵਿਖੇ ਵੈਸਾਖੀ ਅਖੰਡ ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਿਆਂ ਵਲੋਂ ੧੨ ਵੀਰਵਾਰ ਸ਼ਾਮ ਤੋਂ ੧੫ ਅਪ੍ਰੈਲ ਐਤਵਾਰ ਸਵੇਰ ਤਕ

ਸ਼ਹੀਦਾਂ ਦੀ ਯਾਦ ਵਿਚ ਖ਼ਾਲਸਾ ਜੀ ਦੇ ਜਨਮ-ਦਿਨ ਵੈਸਾਖੀ ਸਮੇਂ ਹੋਣ ਵਾਲੇ ਕੀਰਤਨ ਪ੍ਰੋਗਰਾਮ —

੧੨-੪-੯੦ ਸ਼ਾਮ ੫-੩੦ ਤੋਂ ੮-੩੦ ਕੀਰਤਨ ਗੁਰਦਵਾਰਾ ਸ਼ਹੀਦ ਗੰਜ, ਬੀ. ਬਲਾਕ ਵਿਖੇ
੧੩-੪-੯੦ ਸਵੇਰੇ ੬ ਤੋਂ ਦੁਪਹਿਰ ਤਕ ਅਖੰਡ ਕੀਰਤਨ ਗੁਰਦਵਾਰਾ ਸ੍ਰੀ ਬਿਬੇਕ ਸਰ
੧੪-੩-੯੦ ਸਵੇਰ ੨-੧੫ ਤੋਂ ੭-੩੦ (ਤ੍ਰਿਪਹਿਰਾ, ਆਸਾ ਦੀ ਵਾਰ ਤੇ ਬਿਲਾਵਲ ਦੀ ਚੌਂਕੀ) ਸ੍ਰੀ ਹਰਿਮੰਦਰ ਸਾਹਿਬ
ਸ਼ਾਮ ੬ ਵਜੇ ਅਰੰਭ ਅੰਮ੍ਰਿਤ ਸਿੰਚਾਰ ਸਮਾਗਮ —ਸ੍ਰੀ ਗੁਰੂ ਰਾਮਦਾਸ ਖਾਲਸਾ ਹਾ: ਸੈ: ਸਕੂਲ
ਸ਼ਾਮ ੭ ਵਜੇ ਸੋਦਰ ਤੋਂ ਉਪ੍ਰੰਤ ਰੈਣ ਸਬਾਈ ੧੫ ਅਪ੍ਰੈਲ ਸਵੇਰੇ ਸਮਾਪਤੀ ਗੁਰਦਵਾਰਾ ਮੰਜੀ ਸਾਹਿਬ ਹਾਲ ਵਿਖੇ

ਨੋਟ—(੧) ਲੋੜ ਪੈਣ ਤੇ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ। (੨) ਆਪਣੀ ਲੋੜ ਲਈ ਬਿਸਤਰੇ ਨਾਲ ਲਿਆਓ ਜੀ। (੩) ਰਿਹਾਇਸ਼ ਸ੍ਰੀ ਗੁਰੂ ਰਾਮਦਾਸ ਖਾਲਸਾ ਹਾਇਰ ਸੈਕੰਡਰੀ ਸਕੂਲ, ਰਾਮਸਰ ਰੋਡ ਵਿਖੇ।

ਪੁਛ ਗਿਛ—ਸੂਰਾ ਦਫਤਰ, ਅੰਮ੍ਰਿਤਸਰ (ਫ਼ੋਨ : ੫੧੯੪੭) ਦਾਸਰੇ —ਅਖੰਡ ਕੀਰਤਨੀ ਜਥਾ, ਸ੍ਰੀ ਅੰਮ੍ਰਿਤਸਰ

## ਸ਼ਹੀਦੀ ਗੁਰਪੁਰਬ ਪਾ: ੫ ਹੁਸ਼ਿਆਰਪੁਰ ੨੪ ਸ਼ਾਮ ਤੋਂ ੨੯ ਮਈ ਸੋਮਵਾਰ ਸਵੇਰ ਤਕ

## ਖੰਨਾ ਵਿਖੇ ਸਾਲਾਨਾ ਅਖੰਡ ਕੀਰਤਨ ਸਮਾਗਮ ਤੇ ਅੰਮ੍ਰਿਤ ਸਿੰਚਾਰ

੩ ਮਈ ਸਵੇਰੇ ਕੀਰਤਨ ਉਪਰੰਤ ਅਖੰਡ ਪਾਠ ਅਰੰਭ ਸ੍ਰੀ ਗੁਰੂ ਸਿੰਘ ਸਭਾ ਵਿਖੇ, ਸ਼ਾਮ ੭ ਤੋਂ ੯ ਕੀਰਤਨ ਨਵੀਨ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ, ੪ ਮਈ ਸਵੇਰੇ ੭ ਤੋਂ ੧੨ ਕੀਰਤਨ ਗੁਰ ਸ੍ਰੀ ਗੁ: ਤੇਗ ਬਹਾਦਰ ਸਾਹਿਬ ਨੰਦੀ ਕਲੋਨੀ ਸ਼ਾਮ ੭ ਤੋਂ ੯ ਕੀਰਤਨ ਗੁ: ਸੀ ਕਲਗੀਧਰ ਸਾਹਿਬ ਜੀ. ਟੀ. ਰੋਡ, ੫ ਮਈ ਭੋਗ ਸ੍ਰੀ ਅਖੰਡ ਪਾਠ ਉਪ੍ਰੰਤ ਦੁਪਹਿਰ ਤਕ ਕੀਰਤਨ ਸ਼ਾਮ ਅੰਮ੍ਰਿਤ ਸਿੰਚਾਰ ਗੁ: ਸ੍ਰੀ ਕਲਗੀਧਰ ਜੀ ਵਿਖੇ ਅਤੇ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ, ੬ ਮਈ ਸਵੇਰੇ ੬ ਵਜੇ ਸਮਾਪਤੀ। ਰਿਹਾਇਸ਼ ਸ੍ਰੀ ਗੁਰ ਸਿੰਘ ਸਭਾ ਵਿਖੇ।

ਪੁਛਗਿਛ : ਭਾ: ਰਾਜਿੰਦਰ ਸਿੰਘ ਸਾਬਣ ਵਾਲੇ, ਨਵੀਂ ਅਬਾਦੀ ਦਾਸਰੇ—ਅਖੰਡ ਕੀਰਤਨੀ ਜਥਾ, ਖੰਨਾ

## ਪਿੰਡ ਮਲੋਆ (ਯੂ. ਟੀ.) ਚੰਡੀਗੜ੍ਹ ਵਿਖੇ ਅਖੰਡ ਕੀਰਤਨ ਸਮਾਗਮ

੨੧ ਅਪ੍ਰੈਲ ਸਵੇਰੇ ਅਖੰਡ ਪਾਠ ਦੇ ਭੋਗ ਤੇ ਕੀਰਤਨ, ਰਾਤ ਨੂੰ ਰੈਣ ਸਬਾਈ ਕੀਰਤਨ। ਅੰਮ੍ਰਿਤ-ਸਿੰਚਾਰ ਮੌਕੇ ਅਨੁਸਾਰ। ਖਰੜ ਤੋਂ ਮਿੰਨੀ ਬਸ ਜਾਂ ਚੰਡੀਗੜ੍ਹ ਤੋਂ ਲੋਕਲ ਬਸ ੨੮,੨੮-ਏ, ੧੩/੭੨, ੯੨; ੪-ਏ ਅਤੇ ੪-ਸੀ ਲਵੋ ਜੀ।

## ਪਿੰਡ ਨਸੜੋਲੀ (ਅੰਬਾਲਾ) ਭਾ: ਮਨੋਹਰ ਸਿੰਘ ਦੇ ਗ੍ਰਹਿ ਰੈਣ ਸਬਾਈ ਕੀਰਤਨ

੨੧ ਅਪ੍ਰੈਲ ਸਵੇਰੇ ਅਖੰਡਪਾਠ ਦੇ ਭੋਗ, ਰਾਤ ਨੂੰ ਰੈਣ ਸਬਾਈ ਕੀਰਤਨ, ਅੰਬਾਲਾ-ਨਰੈਣ ਗੜ੍ਹ ਰੋਡ ਤੇ ਪਟਵੀ ਉਤਰੋ

## ਬਸੀ ਪਠਾਣਾਂ ਸ੍ਰੀ ਲਾਲ ਗੁਰਦਵਾਰਾ ਸਾਹਿਬ ਵਿਖੇ ੨੭ ਅਪ੍ਰੈਲ ਰਾਤ ਰੈਣ ਸਬਾਈ ਕੀਰਤਨ

## ਮਾਸਕ ਰੈਣ ਸਬਾਈ ੨੧ ਅਪ੍ਰੈਲ ਗੁ: ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਮੰਡੀ ਗੋਬਿੰਦ ਗੜ੍ਹ ਵਿਖੇ

## ਪਿੰਡ ਬਲੋਲਪੁਰ (ਡੇਰਾ ਬਾਬਾ ਨਾਨਕ) ਵਿਖੇ ਡਾ: ਬਸੰਤ ਸਿੰਘ ਜੀ ਦੀ ਯਾਦ ਵਿਖੇ ਸਮਾਗਮ

੨੧ ਸਵੇਰੇ ਭੋਗ ਸ੍ਰੀ ਅਖੰਡ ਪਾਠ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

## ਬਠਿੰਡਾ ਵਿਖੇ ਸਾਲਾਨਾ ਕੀਰਤਨ ਸਮਾਗਮ ਤੇ ਰੈਣ ਸਬਾਈ

੧੯ ਤੋਂ ੨੧ ਅਪ੍ਰੈਲ ਸ੍ਰੀ ਅਖੰਡ ਪਾਠ ਗੁਰਦਵਾਰਾ ਹਾਜੀ ਰਤਨ, ੧੯ ਸ਼ਾਮ ਕੀਰਤਨ ਗੁਰਦਵਾਰਾ ਥਰਮਲ ਕਾਲੋਨੀ, ੨੦ ਸਵੇਰੇ ਗੁਰਦਵਾਰਾ ਕਿਲ੍ਹਾ ਸਾਹਿਬ, ਸ਼ਾਮ ਗੁਰਦਵਾਰਾ ਐਨ. ਐਫ. ਐਲ. ਕਾਲੋਨੀ, ੨੧ ਸਵੇਰੇ ਭੋਗ ਸ੍ਰੀ ਅਖੰਡਪਾਠ ਅਤੇ ਰਾਤ ਨੂੰ ਰੈਣ ਸਬਾਈ ਕੀਰਤਨ।

## ਲੁਧਿਆਣਾ ਗੁਰੂ ਨਾਨਕ ਸਿੰਘ ਸਭਾ, ਲਾਲ ਕੁਆਟਰ ਬਸਤੀ ਅਬਦੁਲਾ, ੨੮ਅਪ੍ਰੈਲ ਰਾਤ ਰੈਣ ਸਬਾਈ

ਮੁਕਤਸਰ (ਅਬੋਹਰ ਰੋਡ ਨੇੜੇ ਸੇਤੀਆ ਆਇਲ ਸਟੋਰ) ਭਾ: ਕਰਤਾਰ ਸਿੰਘ ਦੇ ਗ੍ਰਹਿ ੨੨ ਅਪ੍ਰੈਲ ਸਵੇਰੇ ਕੀਰਤਨ
ਪਿੰਡ ਕੋਟਲਾ ਸੂਰਜ ਮਲ (ਲਾਗੇ ਸ਼ਾਹ ਕੋਟ) ਵਿਖੇ ੭ ਅਪ੍ਰੈਲ ਸ਼ਨੀਵਾਰ ਰਾਤ ਰੈਣ ਸਬਾਈ

ਡਰਾਫਟ, ਮਨੀ ਆਰਡਰ ਤੇ ਚਿੱਠੀ ਪੱਤਰ ਭੇਜਣ ਦਾ ਪਤਾ :

**ਸੂਰਾ ਮੰਥਲੀ, ਦਸਮੇਸ਼ ਕਲਾਥ ਮਾਰਕੀਟ, ਅਜੀਤ ਨਗਰ, ਸ੍ਰੀ ਅੰਮ੍ਰਿਤਸਰ**

www.AKJ.Org